# ਪਰਮੇਸ਼ੁਰ ਨੂੰ ਪੱਕੀ ਤਰਾਂ ਜਾਣ ਲਓ

ਇਹ ਇੰਝ ਪੜ੍ਹਿਆ ਜਾਂਦਾ ਹੈ:

*ਤਾਂ ਏਲਿਯਾਹ ਤਿਸ਼ਬੀ ਨੇ...ਜੋ ਗਿਲਆਦ ਦੇ ਵਾਸੀਆਂ ਵਿਚੋਂ ਸੀ ਅਹਾਬ ਨੂੰ ਆਖਿਆ ਭਈ ਜਿਉਂਦੇ ਯਹੋਵਾਹ ਇਸਰਾਏਲ ਦੇ ਪਰਮੇਸ਼ੁਰ ਦੀ ਸੌਂਹ ਜਿਹ ਦੇ ਅੱਗੇ ਮੈਂ ਖੜ੍ਹਾ ਹਾਂ ਇਨ੍ਹਾਂ ਵਰਿਹਾਂ ਵਿੱਚ ਮੇਰ ਬਚਨ ਤੋਂ ਬਿਨਾ ਨਾ ਤ੍ਰੇਲ ਪਵੇਗੀ ਨਾ ਮੀਂਹ ।*

*ਐਉਂ ਯਹੋਵਾਹ ਦਾ ਬਚਨ ਉਸ ਨੂੰ ਆਇਆ ਕਿ,*

*ਏਥੋਂ ਚੱਲ ਦੇਹ ਅਤੇ ਆਪਣਾ ਮੁਹਾਣਾ ਪੂਰਬ ਵੱਲ ਫੇਰ ਅਤੇ ਆਪ ਨੂੰ ਕਰੀਥ ਦੇ ਨਾਲੇ ਕੋਲ ਜਿਹੜਾ ਯਰਦਨ ਦੇ ਸਾਹਮਣੇ ਹੈ ਲੁਕਾ ਲੈ ।*

*ਤਾਂ ਐਉਂ ਹੋਵੇਗਾ ਕਿ ਤੂੰ ਉਸ ਨਾਲੇ ਵਿਚੋਂ ਪੀਵੇਂਗਾ ਅਤੇ ਮੈਂ ਪਹਾੜੀ ਕਾਂਵਾਂ ਨੂੰ ਹੁਕਮ ਦਿੱਤਾ ਹੈ ਕਿ ਉਹ ਤੈਨੂੰ ਉਥੇ ਹੀ ਪਾਲਣ...*

*ਤਾਂ ਉਹ ਚੱਲ ਪਿਆ ਅਤੇ ਯਹੋਵਾਹ ਦੇ ਬਚਨ ਅਨੁਸਾਰ ਕੀਤਾ । ਉਹ ਚੱਲ ਕੇ ਕਰੀਥ ਦੇ ਨਾਲੇ ਕੋਲ ਜਾ ਟਿੱਕੀਆ ਜਿਹੜਾ ਯਰਦਨ ਦੇ ਸਾਹਮਣੇ ਹੈ ।*

*ਤਾਂ ਪਹਾੜੀ ਕਾਂ ਉਹ ਦੇ ਲਈ ਰੋਟੀ ਤੇ ਮਾਸ ਸਵੇਰ ਅਤੇ ਸ਼ਾਮ ਨੂੰ ਲਿਆਉਂਦੇ ਰਹੇ ਅਤੇ ਉਹ ਉਸ ਨਾਲੇ ਵਿਚੋਂ ਪਾਣੀ ਪੀ ਲੈਂਦਾ ਸੀ ।*

*ਤਾਂ ਐਉਂ ਹੋਇਆ ਕਿ ਥੋੜੇ ਦਿਨਾਂ ਦੇ ਪਿਛੋਂ ਨਾਲਾ ਸੁੱਕ ਗਿਆ ਕਿਉਂ ਜੋ ਦੇਸ ਵਿੱਚ ਮੀਂਹ ਨਾ ਪਿਆ ।*

*ਤਾਂ ਯਹੋਵਾਹ ਦਾ ਏਹ ਬਚਨ ਉਹ ਨੂੰ ਆਇਆ ਕਿ,*

*ਉੱਠ ਅਤੇ ਸਿਦੋਨ ਦੇ ਸਾਰਫਥ ਨੂੰ ਚੱਲਾ ਜਾਹ ਅਤੇ ਉਥੇ ਟਿੱਕ । ਵੇਖ ਮੈਂ ਇੱਕ ਵਿੱਧਵਾ ਨੂੰ ਹੁਕਮ ਦਿੱਤਾ ਹੈ ਕਿ ਉਹ ਤੇਰੀ ਪਾਲਣਾ ਕਰੇ ।*

*ਸੋ ਉਹ ਉੱਠਿਆ ਅਤੇ ਸਾਰਫਥ ਨੂੰ ਚੱਲਿਆ ਗਿਆ ਅਤੇ ਜਾਂ ਸ਼ਹਿਰ ਦੇ ਦਰਵਾਜੇ ਕੋਲ ਆਇਆ ਤਾਂ ਵੇਖੋ ਉਥੇ ਇੱਕ ਵਿੱਧਵਾ ਲੱਕੜੀਆਂ ਚੁੱਗਦੀ ਸੀ ਤਾਂ ਉਸ ਉਹ ਨੂੰ ਉੱਚੀ ਦਿੱਤੀ ਆਖਿਆ, ਜਰਾ ਮੈਨੂੰ ਆਪਣੇ ਭਾਂਡੇ ਵਿੱਚ ਥੋੜਾ ਜਿਹਾ ਪਾਣੀ ਲਿਆ ਦੇਹ ਕਿ ਮੈਂ ਪੀ ਲਵਾਂ ।*

*ਜਦ ਉਹ ਲਿਆਉਣ ਲਈ ਚੱਲੀ ਤਾਂ ਉਸ ਨੇ ਉਹ ਨੂੰ ਉੱਚੀ ਦਿੱਤੀ ਆਖਿਆ, ਜਰਾ ਇੱਕ ਚੱਪਾ ਟੁਕੜਾ ਵੀ ਆਪਣੇ ਹੱਥ ਲੈਂਦੀ ਆਵੀਂ ।*

*ਅੱਗੋਂ ਉਸ ਆਖਿਆ, ਜਿਉਂਦੇ ਯਹੋਵਾਹ ਤੇਰੇ ਪਰਮੇਸ਼ੁਰ ਦੀ ਸੌਂਹ ਮੇਰੇ ਕੋਲ ਕੁਝ ਵੀ ਰਿੱਧਾ ਪੱਕਾ ਨਹੀਂ ਪਰ ਇੱਕ ਤੌਲੇ ਵਿੱਚ ਇੱਕ ਮੁੱਠ ਆਟੇ ਦੀ ਅਤੇ ਥੋੜਾ ਜਿਹਾ ਤੇਲ ਇੱਕ ਕੁੱਜੀ ਵਿੱਚ ਹੈ ਅਤੇ ਵੇਖ ਮੈਂ ਇਹ ਦੋ ਕੁ ਲੱਕੜੀਆਂ ਚੁੱਗ ਰਹੀ ਹਾਂ ਕਿ ਮੈਂ ਘਰ ਜਾ ਕੇ ਆਪਣੇ ਲਈ ਅਤੇ ਆਪਣੇ ਪੁੱਤ੍ਰ ਲਈ ਪਕਾਵਾਂ ਤਾਂ ਜੋ ਅਸੀਂ ਉਹ ਨੂੰ ਖਾਈਏ ਅਤੇ ਮਰੀਏ ।*

*ਤਾਂ ਏਲਿਯਾਹ ਨੇ ਉਸ ਨੂੰ ਆਖਿਆ ਨਾ ਡਰ । ਜਾਹ ਅਤੇ ਆਪਣੀ ਗੱਲ ਦੇ ਅਨੁਸਾਰ ਕਰ ਪਰ ਪਹਿਲਾਂ ਉਸ ਵਿਚੋਂ ਮੇਰੇ ਲਈ ਇੱਕ ਮੱਨੀ ਪਕਾ ਕੇ ਮੇਰੇ ਕੋਲ ਲੈ ਆ ਅਤੇ ਪਿਛੋਂ ਆਪਣੇ ਅਤੇ...ਆਪਣੇ ਪੁੱਤ੍ਰ ਲਈ ਪਕਾਵੀਂ ।*

*ਕਿਉਂ ਜੋ ਯਹੋਵਾਹ ਇਸਰਾਏਲ ਦਾ ਪਰਮੇਸ਼ੁਰ ਇਉਂ ਆਖਦਾ ਹੈ ਕਿ ਨਾ ਤੌਲੇ ਵਿਚੋਂ ਆਟਾ ਮੁੱਕੇਗਾ ਨਾ ਕੁੱਜੀ ਦਾ ਤੇਲ ਘਟੇਗਾ ਜਿੰਨਾ ਚਿਰ ਯਹੋਵਾਹ ਜਮੀਨ ਉੱਤੇ ਮੀਂਹ ਨਾ ਪਾਵੇ ।*

*ਤਾਂ ਉਹ ਗਈ ਅਤੇ ਏਲਿਯਾਹ ਦੇ ਆਖਣ ਅਨੁਸਾਰ ਕੀਤਾ । ਫੇਰ ਇਹ ਅਤੇ ਉਹ ਅਤੇ ਉਹ ਦਾ ਘਰਾਣਾ ਕਈ ਦਿਨਾਂ ਤੀਕ ਖਾਂਦੇ ਰਹੇ ।*

*ਅਤੇ ਨਾ ਤੌਲੇ ਵਿਚੋਂ ਆਟਾ ਮੁੱਕਾ ਨਾ ਕੁੱਜੀ ਦਾ ਤੇਲ ਘਟਿਆ । ਏਹ ਯਹੋਵਾਹ ਦੇ ਬਚਨ ਅਨੁਸਾਰ ਹੋਇਆ ਜੋ ਉਸ ਨੇ ਏਲਿਯਾਹ ਦੇ ਰਾਹੀਂ ਬੋਲਿਆ ਸੀ ।*

ਅੱਜ ਸਵੇਰ ਦੀ ਗੱਲਬਾਤ ਦੇ ਲਈ, ਬਾਹਰਲੇ ਦੇਸ਼ਾਂ ਵਿੱਚ ਜਾਣ ਤੋਂ ਪਹਿਲਾਂ, ਮੈਂ ਇਹ ਵਿਸ਼ਾ ਚੁਣਿਆ ਹੈ : *ਪਰਮੇਸ਼ੁਰ ਨੂੰ ਪੱਕੀ ਤਰ੍ਹਾਂ ਜਾਣ ਲਓ* ।

2 ਅਤੇ ਹੁਣ, ਪ੍ਰਭੂ ਆਪਣੇ ਵਚਨ ਨੂੰ ਬਰਕਤ ਦਵੇ ਜਿਦਾਂ ਇਹ ਪਰਚਾਰ ਕੀਤਾ ਜਾਂਦਾ ਹੈ ਅਤੇ ਕਾਸ਼ ਕਿ ਪਵਿੱਤਰ ਆਤਮਾ ਸਾਡੇ ਮਨਾਂ ਅਤੇ ਸਾਡੇ ਵਿਚਾਰਾਂ ਨੂੰ ਆਪਣੀ ਪਕੜ ਵਿੱਚ ਲੈ ਲਵੇ ਅਤੇ ਸਾਨੂੰ ਉਹਦੇ ਦਰਸ਼ਣ ਦੇ ਲਈ ਤਿਆਰ ਕਰੇ, ਜਿਦਾਂ ਅਸੀਂ ਉਸ ਨੂੰ ਆਉਣ ਲਈ ਕਿਹਾ ਹੈ । ਕਿਓਂਕਿ ਅਸੀਂ ਪਰਮੇਸੁਰ ਦੇ ਘਰ ਵਿੱਚ ਵੇਖਣ ਵਖਾਉਣ ਲਈ ਨਹੀਂ ਆਉਂਦੇ ਪਰ ਤੇਰੇ ਕੋਲੋਂ ਸਿੱਖਣ ਲਈ ਅਤੇ ਤੇਰੇ ਸੁਭਾਅ ਨੂੰ ਜਾਣਨ ਲਈ ਅਤੇ ਤੇਰਾ ਮਾਰਗ ਅਤੇ ਤੇਰੇ ਕੰਮਾਂ ਨੂੰ ਤਾਂ ਕਿ ਅਸੀਂ ਜਿੰਦਗੀ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਸਕੀਏ, ਇੱਕ ਅਸਲੀ ਪੱਕੇ ਯਕੀਨ ਨਾਲ ਕਿ ਪਰਮੇਸ਼ੁਰ ਹੈ । ਪ੍ਰਭੂ, ਇਹ ਬਖਸ ਦੇ । ਯਿਸੂ ਦੇ ਨਾਮ ਵਿੱਚ ਅਸੀਂ ਮੰਗਦੇ ਹਾਂ । ਆਮੀਨ ।

3 ਇਹ ਇੱਕ ਭਿਆਨਕ ਸਵੇਰ ਰਹੀ ਹੋਵੇਗੀ । ਇਹ ਬਹੁਤ ਹੀ ਗਰਮ ਅਤੇ ਮਿੱਟੀ ਘੱਟੇ ਨਾਲ ਭਰੀ ਹੋਈ ਸੀ ਅਤੇ ਲੋਕ ਗਲੀ ਵਿੱਚ ਭੁੱਖੇ ਮਰ ਰਹੇ ਸਨ ਅਤੇ ਧਰਤੀ ਏਨੀ ਗਰਮ ਸੀ ਕਿ ਬਲਣ ਦੇ ਲਈ ਤਿਆਰ ਸੀ । ਇਹ ਸਭ ਕੁਝ ਉਹਨਾਂ ਦੇ ਪਾਪਾਂ ਅਤੇ ਨੈਤਿਕ ਪਤਨ ਦਾ ਪ੍ਰਤੀਬਿੰਬ ਸੀ ।

4 ਤੁਸੀਂ ਵੇਖਦੇ ਹੋ ਕਿ ਅਹਾਬ ਉਸ ਸਮੇਂ ਇਸਰਾਏਲ ਵਿੱਚ ਰਾਜ ਕਰ ਰਿਹਾ ਸੀ ਜਾਂ ਇਸਰਾਏਲ ਉੱਤੇ ਰਾਜਾ ਸੀ ਅਤੇ ਉਹ ਇਸਰਾਏਲ ਦੇ ਸਭ ਰਾਜਿਆਂ ਦੇ ਨਾਲੋਂ ਭੈੜਾ ਸੀ । ਅਹਾਬ ਜਿੰਨਾ ਭੈੜਾ ਰਾਜਾ ਕੋਈ ਨਹੀਂ ਸੀ ਹੋਇਆ ਕਿਉਂਕਿ ਉਸਨੂੰ ਸਿਖਾਇਆ ਵੀ ਗਿਆ ਸੀ ਅਤੇ ਉਹ ਚੰਗੀ ਤਰ੍ਹਾਂ ਜਾਣਦਾ ਵੀ ਸੀ, ਹਰੇਕ ਕੰਮ ਜੋ ਉਸ ਨੇ ਕੀਤਾ ਉਸ ਵਿੱਚ ਉਹ ਪਰਮੇਸ਼ੁਰ ਨੂੰ ਲਗਾਤਾਰ ਨਾ ਖੁਸ਼ ਕਰਦਾ ਰਿਹਾ ਅਤੇ ਇਸ ਤਰ੍ਹਾਂ ਅਸਫਲ ਰਿਹਾ । ਭਾਵੇਂ ਉਸ ਕੋਲ ਮਹਾਨ ਸੈਨਿਕ ਪ੍ਰਣਾਲੀ ਸੀ ਅਤੇ ਲੋਕ ਉਸ ਦੇ ਰਾਜ ਵਿੱਚ ਬੜੇ ਖੁਸ਼ਹਾਲ ਹੋ ਗਏ ਸਨ ਪਰ ਫਿਰ ਵੀ ਤੁਸੀਂ ਪਰਮੇਸ਼ੁਰ ਨੂੰ ਨਾਖੁਸ਼ ਕਰਕੇ ਲੰਮੇ ਸਮੇਂ ਤੱਕ ਰਹਿਣ ਦੀ ਉਮੀਦ ਕਰ ਸਕਦੇ ਹੋ ।

5 ਅਤੇ ਫਿਰ, ਉਸਨੇ ਆਪਣੇ ਵਿਆਹ ਵਿੱਚ, ਬਜਾਏ ਆਪਣੀ ਲੋਕਾਂ ਵਿੱਚ ਵਿਆਹ ਕਰਨ ਦੇ, ਉਹਨੇ ਜਾ ਕੇ ਇੱਕ ਪਾਪੀ, ਇੱਕ ਮੂਰਤੀਪੂਜਕ ਨਾਲ ਵਿਆਹ ਕਰ ਲਿਆ । ਉਸਨੇ ਈਜਬਲ ਨਾਲ ਵਿਆਹ ਕਰ ਲਿਆ । ਅਤੇ ਉਹ ਇੱਕ ਵਿਸ਼ਵਾਸੀ ਨਹੀਂ ਸੀ ।

6 ਕਿਸੇ ਵੀ ਹਾਲਤ ਵਿੱਚ ਕਿਸੇ ਵਿਸ਼ਵਾਸੀ ਨੂੰ ਇੱਕ ਅਵਿਸ਼ਵਾਸੀ ਨਾਲ ਵਿਆਹ ਨਹੀਂ ਕਰਨਾ ਚਾਹੀਦਾ। ਹਮੇਸ਼ਾ ਵਿਸ਼ਵਾਸੀ ਨਾਲ ਹੀ ਵਿਆਹ ਕਰਨਾ ਚਾਹੀਦਾ ਹੈ।

7 ਪਰ ਅਹਾਬ ਨੇ ਇਹ ਬੁਰਾ ਕੰਮ ਕੀਤਾ। ਪਰ ਕੋਈ ਸ਼ੱਕ ਨਹੀਂ ਕਿ ਈਜਬਲ ਇੱਕ ਸੁੰਦਰ ਔਰਤ ਸੀ। ਅਤੇ ਉਹ ਉਹਦੇ ਮੁਹਾਂਦਰੇ ਵਲ ਵੇਖ ਕੇ ਫਸ ਗਿਆ ਬਜਾਏ ਇਸਦੇ ਕਿ ਉਹ ਕੀ ਸੀ। ਅੱਜ ਬਹੁਤ ਸਾਰੇ ਲੋਕ ਉਸੇ ਹੀ ਗਲਤੀ ਨੂੰ ਕਰਦੇ ਹਨ।

8 ਅਤੇ ਉਹ ਲੋਕਾਂ ਦੇ ਵਿੱਚ, ਉਸ ਦੇਸ਼ ਵਿੱਚ ਮੂਰਤੀ ਪੂਜਾ ਨੂੰ ਲੈ ਕੇ ਆਈ। ਅਤੇ ਲੋਕ, ਯਾਜਕ ਅਤੇ ਉਹਨਾਂ ਦੇ ਮੰਤਰੀ, ਇਸ ਮਹਾਨ ਮਸ਼ਹੂਰ ਮੰਗ ਦੇ ਸ਼ਿਕਾਰ ਬਣ ਗਏ।

9 ਅਤੇ ਅੱਜ ਸਾਡੇ ਦੇਸ਼ ਦੀ ਉਹੀ ਤਸਵੀਰ ਹੈ। ਅਸੀਂ ਮਸਹੂਰ ਮੰਗ ਦੇ ਸ਼ਿਕਾਰ ਹੋ ਗਏ ਹਾਂ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਯਾਜਕਾਂ ਨੇ ਸੋਚਿਆ ਹੋਵੇਗਾ ਕਿ ਜਿੰਨਾ ਚਿਰ ਉਹਨਾਂ ਦੀ ਸਰਕਾਰ ਇਹ ਆਗਿਆ ਦਿੰਦੀ ਹੈ ਇਹ ਸਭ ਠੀਕ ਹੀ ਹੈ। ਪਰ ਮੈਂ ਪਰਵਾਹ ਨਹੀਂ ਕਰਦਾ ਕਿ ਸਰਕਾਰ ਕੀ ਆਗਿਆ ਦਿੰਦੀ ਹੈ, ਪਰ ਇਹ ਉਹ ਹੋਣਾ ਚਾਹਿਦਾ ਹੈ ਜਿਸਨੂੰ ਪਰਮੇਸ਼ੁਰ ਠੀਕ ਆਖੇ। ਅਤੇ ਲੋਕਾਂ ਨੇ ਸੋਚਿਆ ਕਿ ਇਹ ਬਿਲਕੁਲ ਠੀਕ ਹੋਵੇਗਾ ਜੇਕਰ ਉਹ ਉਹਨਾਂ ਦੇ ਕੁਝ ਸੰਸਾਰਿਕ ਕੰਮਾਂ ਵਿੱਚ ਸਾਮਲ ਹੋਣ।

10 ਜੋ ਮੈਂ ਹੁਣੇ ਆਖਿਆ ਹੈ ਕੋਈ ਮੈਨੂੰ ਇਸਦਾ ਦੁਬਾਰਾ ਨਕਸ਼ਾ ਖਿੱਚਣ ਲਈ ਕਹਿ ਸਕਦਾ ਹੈ ਕਿ ਇਹ ਅੱਜ ਦੀ ਤਸਵੀਰ ਵਾਂਗ ਹੀ ਹੈ। ਹੋ ਸਕਦਾ ਹੈ ਕਿ ਅਸੀਂ ਸੋਚਦੇ ਹਾਂ ਕਿ ਅਸੀਂ ਮੂਰਤੀ ਪੂਜਕ ਨਹੀਂ ਹਾਂ ਪਰ ਅਸੀਂ ਹਾਂ। ਅਤੇ ਸਰਕਾਰ ਇਸ ਦਾ ਸਮਰਥਨ ਕਰਦੀ ਹੈ। ਅੱਜ ਲੋਕ ਮੂਰਤੀ ਪੂਜਕ ਹਨ ਕਿਓਂਕਿ ਉਹ ਮੂਰਤੀਆਂ ਦੀ ਪੂਜਾ ਕਰਦੇ ਹਨ। ਕੁਝ ਲੋਕਾਂ ਫਿਲਮੀ ਸਿਤਾਰਿਆਂ ਦੀ ਮੂਰਤੀ ਦੀ ਤਰਾਂ ਪੂਜਾ ਕਰਦੇ ਹਨ। ਕੁਝ ਲੋਕ ਬੁੱਤਾਂ ਦੀ ਥਾਂ ਪੈਸੇ ਦੀ ਪੂਜਾ ਕਰਦੇ ਹਨ। ਅਤੇ ਕੁਝ ਟੈਲੀਵਿਜ਼ਨ ਦੇ ਸਿਤਾਰਿਆਂ ਦੀ ਬੁਤਾਂ ਦੀ ਥਾਂ ਤੇ ਪੂਜਾ ਕਰਦੇ ਹਨ। ਪਰ ਉਹ ਸਭ ਕੁਝ ਜੋ ਤੁਸੀਂ ਪਰਮੇਸ਼ੁਰ ਤੋਂ ਪਹਿਲਾਂ ਰਖਦੇ ਹੋ, ਉਹ ਇੱਕ ਮੂਰਤੀ ਹੀ ਹੈ, ਭਾਵੇਂ ਇਹ ਕੁਝ ਵੀ ਹੋਵੇ।

11 ਏਥੋਂ ਤੱਕ ਕਿ ਸ਼ਤਾਨ ਜੋ ਸਾਡਾ ਵੱਡਾ ਦੁਸ਼ਮਣ ਹੈ, ਉਹ ਇਨਾਂ ਹੁਸ਼ਿਆਰ ਹੈ ਕਿ, ਉਹ ਕਲੀਸਿਯਾ ਨੂੰ ਵੀ ਪਰਮੇਸ਼ੁਰ ਦੀ ਥਾਂ ਤੇ ਰੱਖ ਦਿੰਦਾ ਹੈ। ਤੁਹਾਡੇ ਕੋਲ ਇੱਕ ਮਹਾਨ ਕਲੀਸਿਯਾ ਹੋ ਸਕਦੀ ਹੈ। ਇਹ ਇੱਕ ਵੱਡੀ ਇਮਾਰਤ ਜਾਂ ਇੱਕ ਵੱਡਾ ਫਿਰਕਾ ਹੋ ਸਕਦਾ ਹੈ। ਅਤੇ ਫੇਰ ਦੁਬਾਰਾ ਇਹ ਇੱਕ ਵੱਡੀ ਸਭਾ ਹੋ ਸਕਦੀ ਹੈ ਪਰ ਆਪਣੇ ਦਿਲ ਵਿੱਚ ਕਦੇ ਵੀ ਪਰਮੇਸ਼ੁਰ ਤੋਂ ਪਹਿਲਾਂ ਕੁਝ ਨਾ ਆਉਣ ਦਿਓ। ਪਰਮੇਸ਼ੁਰ ਤੋਂ ਪਹਿਲਾਂ ਕੋਈ ਵੀ ਚੀਜ, ਇੱਕ ਮੂਰਤੀ ਹੈ।

12 ਅਤੇ ਇਹ ਲੋਕ ਜਾਣਦੇ ਸਨ ਕਿ ਉਹ ਉਸ ਤਰ੍ਹਾਂ ਆਤਮਿਕ ਨਹੀਂ ਸਨ ਜਿਵੇਂ ਉਹ ਹੋਰ ਰਾਜਿਆਂ ਦੇ ਰਾਜ ਵਿੱਚ ਹੋਇਆ ਕਰਦੇ ਸਨ। ਅਤੇ ਉਹਨਾਂ ਨੇ ਸੋਚਿਆ, ਕਿਓਂਕਿ ਉਹ ਇੱਕ ਧਾਰਮਿਕ ਕੌਮ ਹਨ, ਇਸ ਲਈ ਸਭ ਕੁਝ ਠੀਕ ਹੀ ਰਹੇਗਾ। ਅਤੇ ਇਸ ਤਰ੍ਹਾਂ ਅਸੀਂ ਵੀ ਉਸੇ ਥਾਂ ਤੇ ਆ ਗਏ ਹਾਂ।

13 ਕੁਝ ਮਹੀਨੇ ਪਹਿਲਾਂ ਮੈਂ ਆਪਣੇ ਇਕ ਬਹੁਤ ਹੀ ਵਧੀਆ ਦੋਸਤ ਦੇ ਨਾਲ ਗੱਲ ਬਾਤ ਕਰ ਰਿਹਾ ਸੀ। ਅਤੇ ਉਸਨੇ ਕਿਹਾ, "ਭਾਈ ਬ੍ਰਾਨਹਾਮ, ਮੈ ਜਾਣਦਾ ਹਾਂ ਕਿ ਤੁਸੀਂ ਇਸ ਸੰਯੁਕਤ ਰਾਜ ਨੂੰ ਚੰਗੀ ਤਰਾਂ ਨੱਪ ਕੇ ਰਖਿਆ ਹੈ"। ਉਸਨੇ ਕਿਹਾ, "ਤੁਸੀਂ ਹਮੇਸ਼ਾ ਪਾਪ

ਦੇ ਵਿਰੋਧ ਵਿੱਚ ਗਰਜਦੇ ਰਹਿੰਦੇ ਹੋ ਅਤੇ ਇਹ ਵੀ ਕਿ ਪਰਮੇਸ਼ੁਰ ਕਿਵੇਂ ਇਸ ਕੌਮ ਨੂੰ ਸਜਾ ਦੇਵੇਗਾ" ।

14 ਮੈਂ ਕਿਹਾ, "ਉਸ ਨੂੰ ਨਿਆਈ ਹੋਣ ਦੇ ਲਈ ਇਹ ਕਰਨਾ ਹੀ ਪੈਣਾ ਹੈ" ।

ਉਸਨੇ ਕਿਹਾ, "ਪਰ, ਭਾਈ ਬ੍ਰਾਨਹਾਮ, ਤੁਸੀਂ ਇਹ ਭੁੱਲ ਰਹੇ ਹੋ ਕਿ ਇਸ ਕੌਮ ਦੀ ਨੀਂਹ ਲਿਖਤਾਂ ਦੇ ਉਪਰ ਧਰੀ ਹੋਈ ਹੈ । ਅਤੇ ਸਾਡੇ ਦਾਦੇ ਪੜਦਾਦੇ ਇਥੇ ਆਏ ਅਤੇ ਪਰਮੇਸ਼ੁਰ ਨੇ ਸਾਨੂੰ ਇਹ ਮਿਰਾਸ਼ ਦਿੱਤੀ । ਅਤੇ ਅਸੀਂ ਇੱਕ ਧਾਰਮਿਕ ਕੌਮ ਹਾਂ" ।

15 ਮੈਂ ਕਿਹਾ, "ਇਹ ਸਭ ਸੱਚ ਹੈ । ਅਤੇ ਕੋਈ ਨਹੀਂ ਜਾਣਦਾ ਕਿ ਮੈਂ ਇਸ ਕੌਮ ਦੀ ਸਲਾਹੁਤ ਕਰਦਾ ਹਾਂ! ਪਰ, ਵੇਖ, ਮੇਰੇ ਭਾਈ, ਇਸਰਾਏਲ ਵੀ ਪਰਮੇਸ਼ੁਰ ਦਾ ਚੁਣਿਆ ਹੋਇਆ ਸੀ ਅਤੇ ਉਸਨੇ ਉਸ ਲਈ ਆਪਣੇ ਨਬੀ ਅਤੇ ਮਹਾਨ ਬੰਦੇ ਭੇਜੇ । ਪਰ ਪਰਮੇਸ਼ੁਰ ਪਾਪ ਨੂੰ ਸਹਿਣ ਨਹੀਂ ਕਰ ਸਕਦਾ । ਉਸ ਨੇ ਇਸਰਾਏਲ ਤੋਂ ਹਰੇਕ ਉਸ ਦਾਣੇ ਦੀ ਵਾਢੀ ਕਰਵਾਈ ਜੋ ਉਸਨੇ ਬੀਜਿਆ ਸੀ । ਅਤੇ ਜੇਕਰ ਉਸ ਨੇ ਇਸਰਾਏਲ ਤੋਂ ਉਸ ਦੀ ਵਾਢੀ ਕਰਵਾਈ ਜੋ ਉਹਨਾਂ ਬੀਜਿਆ, ਉਹ ਸਾਡੇ ਕੋਲੋਂ ਉਹ ਦੀ ਵਾਢੀ ਕਰਾਵੇਗਾ ਜੋ ਅਸੀਂ ਬੀਜਦੇ ਹਾਂ । ਉਹ ਕਿਸੇ ਦਾ ਪੱਖ ਪਾਤ ਨਹੀਂ ਕਰਦਾ" ।

16 ਅਸੀਂ ਇਹ ਸੋਚਣ ਦੇ ਲਈ ਉਸ ਥਾਂ ਤੇ ਆ ਗਏ ਹਾਂ ਕਿਓਂਕਿ ਅਸੀਂ ਜੋ ਸਾਡੇ ਪਿਓ ਦਾਦਿਆਂ ਨੇ ਕੀਤਾ ਉਹਦੇ ਉੱਤੇ ਅਧਾਰਿਤ ਹਾਂ ਜਾਂ ਉਹਦੇ ਉੱਤੇ ਜੋ ਸਾਡੇ ਕਲੀਸਿਯਾ ਦੇ ਮਹਾਨ ਸੰਸਥਾਪਕਾਂ ਨੇ ਕੀਤਾ, ਕਿ ਉਹਨਾਂ ਨੇ ਪਰਮੇਸ਼ੁਰ ਦੇ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਸਨ, ਜੋ ਬਿਲਕੁਲ ਠੀਕ ਹੈ ਅਤੇ ਸਰਾਹਣਾ ਦੇ ਯੋਗ ਹੈ, ਪਰ ਅਸੀਂ ਆਪਣੀ ਮੁਕਤੀ ਉਸ ਤੋਂ ਨਹੀਂ ਪਾ ਸਕਦੇ ਜੋ ਉਹਨਾਂ ਨੇ ਕੀਤਾ ਸੀ! ਮੁਕਤੀ ਪਰਮੇਸ਼ੁਰ ਅਤੇ ਮਨੁੱਖ ਦੇ ਵਿੱਚ ਇੱਕ ਵਿਅਕਤੀਗਤ ਮਾਮਲਾ ਹੈ । ਸਾਡੀ ਕੌਮ ਨਾਲ ਨਹੀਂ, ਸਾਡੀ ਕਲੀਸਿਯਾ ਨਾਲ ਨਹੀਂ ਪਰ ਅਸੀਂ ਪਰਮੇਸ਼ੁਰ ਦੇ ਸਾਹਮਣੇ ਜਵਾਬ ਦੇਂਦੇ ਹਾਂ ।

17 ਅਸੀਂ ਆਪਣੇ ਦੇਸ਼ ਵਿੱਚ ਅਜਿਹੀ ਹਾਲਤ ਵਿੱਚ ਪਹੁੰਚ ਗਏ ਹਾਂ ਕਿ ਸਾਡੇ ਸਭ ਤੋਂ ਵਧੀਕ ਆਤਮਿਕ ਲੋਕ ਜੋ ਸਾਡੇ ਕੋਲ ਹਨ, ਤੁਸੀਂ ਆਤਮਿਕ ਆਦਮੀ ਅਤੇ ਔਰਤਾਂ ਵਿਚਾਲੇ ਜਾਓ ਅਤੇ ਤੁਸੀਂ ਪਾਓਗੇ ਕਿ ਉਹਨਾਂ ਦੇ ਦਿਲਾਂ ਦੇ ਅੰਦਰ ਅਜੇ ਵੀ ਕੋਈ ਕੰਮੀ ਹੈ ।

18 ਪਿਛਲੇ ਕੁਝ ਹਫਿਤਆਂ ਤੋਂ ਮੈਂ ਇਹਨਾਂ ਕੁਝ ਚੀਜਾਂ ਨੂੰ ਵੇਖ ਰਿਹਾ ਸੀ ਅਤੇ ਇਹ ਵੇਖਿਆ ਕਿ ਜੋ ਮਨੁੱਖ ਮੈਂ ਸੋਚਦਾ ਸਾਂ ਕਿ ਬੜੇ ਆਤਮਿਕ ਸਨ, ਮੈਨੂੰ ਪੱਤਾ ਲਗਾ ਕਿ ਉਹ ਸਰੀਰਕ ਚੀਜਾਂ ਉਤੇ ਬਹੁਤ ਜੋਰ ਦੇ ਰਹੇ ਹਨ, ਇਧਰ ਉਧਰ ਜਾਂਦੇ ਹਨ ਅਤੇ ਕਹਿੰਦੇ ਹਨ, "ਪਰਮੇਸ਼ੁਰ ਨੇ ਮੈਨੂੰ ਸਭ ਤੋਂ ਵੱਡੀ *ਫਲਾਣੀ-ਫਲਾਣੀ* ਚੀਜ ਦਿੱਤੀ । ਪਰਮੇਸ਼ੁਰ..." ਤੁਸੀਂ ਧੋਖਾ ਦੇ ਰਹੇ ਹੋ ।

19 ਵੱਡੀਆਂ ਸਰੀਰਕ ਚੀਜਾਂ ਹਮੇਸ਼ਾ ਪਰਮੇਸ਼ੁਰ ਦੀ ਮਰਜੀ ਦੇ ਵਿੱਚ ਨਹੀਂ ਹੁੰਦੀਆਂ । ਪਰਮੇਸ਼ੁਰ ਮੀਂਹ ਨੂੰ ਧਰਮੀ ਅਤੇ ਕੁਧਰਮੀ ਦੋਹਾਂ ਤੇ ਭੇਜਦਾ ਹੈ । ਪਰ ਅੱਜ ਸੰਸਾਰ ਨੂੰ ਵਿਸ਼ਵਾਸ ਦੇ ਧੋਖੇ ਦੀ ਲੋੜ੍ਹ ਨਹੀਂ ਹੈ, ਕਿ ਆਪਣੇ ਆਪ ਨੂੰ ਕਿਸੇ ਚੀਜ ਵਿੱਚ ਧੋਖਾ ਦੇਣ ਅਤੇ ਇਸ ਨੂੰ ਆਤਮਿਕ ਆਖਣ ।

20 ਕਦੇ ਕਦੇ ਵਿਸ਼ਵਾਸ ਵੱਡੇ ਮੌਜਜੇ ਕਰੇਗਾ ਪਰ ਤਦ ਵੀ ਇਹ ਆਤਮਿਕ ਦਿਲ ਤੋਂ ਨਹੀਂ ਹੁੰਦਾ । ਕੀ ਸਾਡੇ ਪ੍ਰਭੂ ਨੇ ਨਹੀਂ ਕਿਹਾ? "ਉਸ ਦਿਨ ਬਥੇਰੇ ਮੇਰੇ ਕੋਲ ਆਉਣਗੇ ਅਤੇ ਕਹਿਣਗੇ, 'ਕੀ ਮੈਂ ਤੇਰਾ ਨਾਮ ਲੈ ਕੇ *ਇਹ* ਜਾਂ *ਉਹ* ਨਹੀਂ ਕੀਤਾ?' ਅਤੇ ਮੈਂ ਉਹਨਾਂ ਨੂੰ ਆਖਾਂਗਾ, 'ਹੇ ਬੁਰਿਆਰੋ, ਮੇਰੇ ਕੋਲੋਂ ਦੂਰ ਚਲੇ ਜਾਓ'" ਬੁਰਿਆਈ ਕੀ ਹੈ? ਉਹ ਇਹ ਹੈ ਕਿ ਤੁਸੀਂ ਕਿਸੇ

ਚੀਜ ਨੂੰ ਤੁਸੀਂ ਠੀਕ ਤਰ੍ਹਾਂ ਕਰਨਾ ਜਾਣਦੇ ਹੋ ਪਰ ਨਹੀਂ ਕਰਦੇ । "ਮੈਂ ਤੁਹਾਨੂੰ ਕਦੇ ਵੀ ਨਹੀ ਜਾਣਿਆ" ਉਹ ਆਖੇਗਾ । ਅਤੇ ਅਸੀਂ ਉਸ ਦਿਨ ਵਿੱਚ ਰਹਿ ਰਹੇ ਹਾਂ ।

21 ਅੱਜ ਜੋ ਸਾਨੂੰ ਚਾਹੀਦਾ ਹੈ ਉਹ ਬਹੁਤ ਸਾਰੀਆਂ ਪਦਾਰਥਕ ਚੀਜਾਂ ਨਹੀਂ ਹਨ । ਉਹ ਸਾਡੇ ਕੋਲ ਹਨ । ਸਾਨੂੰ ਵੱਡੇ ਵੱਡੇ ਗਿਰਜੇ ਨਹੀਂ ਚਾਹੀਦੇ । ਸਾਨੂੰ ਵੱਡੀਆਂ ਵੱਡੀਆਂ ਸਭਾਵਾਂ ਨਹੀਂ ਚਾਹੀਦੀਆਂ । ਸਾਨੂੰ ਅੱਜ ਵਧੀਕ ਟੈਲੀਵਿਜਨ ਅਤੇ ਰੇਡੀਓ ਨਹੀਂ ਚਾਹੀਦਾ । ਸਾਨੂੰ ਇਹ ਬਹੁਤ ਸਾਰੀਆਂ ਚੀਜਾਂ ਹੋਰ ਨਹੀ ਚਾਹੀਦੀਆਂ । ਪਰ ਅੱਜ ਸਾਨੂੰ ਕੀ ਚਾਹੀਦਾ ਹੈ, ਆਤਮਿਕ ਬਣਨਾ ਤੇ ਉਹ ਆਦਮੀ ਜੋ ਪਰਮੇਸ਼ੁਰ ਦੇ ਸਨਮੁੱਖ ਆਪਣੇ ਆਪ ਨੂੰ ਹਲੀਮ ਕਰ ਸਕਣ, ਭਾਵੇਂ ਉਹਨਾਂ ਦੇ ਕੋਲ ਇੱਕ ਪੈਸਾ ਵੀ ਨਹੀ ਹੈ ਪਰ ਉਹ ਉਨਾਂ ਚਿਰ ਪ੍ਰਾਰਥਨਾ ਕਰਦੇ ਹਨ ਜਿਨਾਂ ਚਿਰ ਆਤਮਾ ਜੋ ਉਨ੍ਹਾਂ ਵਿੱਚ ਹੈ ਪਰਮੇਸ਼ੁਰ ਦੀ ਭਲਿਆਈ ਨਾਲ ਸੰਤੁਸਟ ਨਹੀਂ ਹੋ ਜਾਂਦੀ ਅਤੇ ਜੱਦ ਤਕ ਇੱਕ ਬੇਦਾਰੀ ਉਨਾਂ ਦੇ ਦਿਲਾਂ ਵਿੱਚ ਨਹੀਂ ਹੋ ਜਾਂਦੀ, ਜੋ ਉਹਨਾਂ ਦੇ ਵਤੀਰੇ ਅਤੇ ਆਲੇ ਦੁਆਲੇ ਨੂੰ ਬਦਲ ਦਿੰਦੀ ਹੈ ਜਿਸ ਵਿੱਚ ਹੋ ਰਹਿੰਦੇ ਹਨ ।

22 ਹੋ ਸਕਦਾ ਹੈ ਤੁਹਾਡੇ ਪੈਰਾਂ ਲਈ ਜੁੱਤੀਆਂ ਦਾ ਜੋੜਾ ਵੀ ਨਾ ਹੋਵੇ, ਹੋ ਸਕਦਾ ਹੈ ਤੁਸੀਂ ਲੀਰਾਂ ਪਹਿਨਿਆ ਹੋਣ, ਪਰ ਤੁਹਾਡੇ ਦਿਲ ਵਿੱਚ ਕੋਈ ਚੀਜ ਹੈ ਜੋ ਪਰਮੇਸ਼ੁਰ ਦੀ ਧੁਨ ਨੂੰ ਗਾਉਂਦੀ ਰਹਿੰਦੀ ਹੈ । ਸੰਸਾਰ ਦੀ ਸਾਰੀ ਦੌਲਤ ਦੀ ਬਜਾਏ ਮੈਂ ਇਹ ਚੀਜ ਪਾਉਣ ਦਾ ਚਾਹਵਾਨ ਹਾਂ ।

23 ਤੁਸੀਂ ਇਹ ਨਹੀਂ ਕਹਿ ਸਕਦੇ ਕਿ ਕੁਦਰਤੀ ਚੀਜਾਂ ਹਮੇਸ਼ਾ ਪਰਮੇਸ਼ੁਰ ਦੀ ਬਰਕਤ ਹੈ । ਦਾਊਦ ਨੇ ਏਹੋ ਹੀ ਪ੍ਰਭੂ ਨੂੰ ਆਖਿਆ ਕਿ ਉਸਨੇ ਦੁਸ਼ਟ ਨੂੰ ਨਦੀ ਦੇ ਕਿਨਾਰੇ ਉੱਤੇ ਇੱਕ ਦਰਖਤ ਵਾਂਗ ਫੱਲਦੇ ਹੋਏ ਵੇਖਿਆ । ਪਰ ਪਰਮੇਸ਼ੁਰ ਨੇ ਓਸ ਤੋਂ ਪੁਛਿਆ, "ਕੀ ਤੂੰ ਕਦੇ ਉਸਦਾ ਅੰਤ ਵੇਖਿਆ ਹੈ?" ਕੋਈ ਫਰਕ ਨਹੀਂ ਪੈਂਦਾ ਕਿ ਅਸੀਂ ਕਿੰਨੇ ਚੰਗੇ ਕਪੜੇ ਪਹਿਨਣਦੇ ਹਾਂ, ਸਾਡੇ ਕੋਲ ਖਾਣ ਲਈ ਕਿੰਨਾ ਜਿਆਦਾ ਹੈ, ਇਹ ਉਹ ਨਹੀਂ ਹੈ ਜੋ ਪਰਮੇਸ਼ੁਰ ਦੀ ਹਜੂਰੀ ਵਿੱਚ ਜਾਂਦਾ ਹੈ । ਇਹ ਸਰੀਰ ਜਿਸ ਵਿੱਚ ਅਸੀਂ ਰਹਿੰਦੇ ਹਾਂ, ਨਾਸ਼ ਹੋ ਜਾਂਦਾ ਹੈ, ਇਸ ਗਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕਿਵੇਂ ਇਸ ਦੀ ਸੰਭਾਲ ਕੀਤੀ ਜਾਂਦੀ ਹੈ । ਪਰ ਇਹ ਤਾਂ ਪ੍ਰਾਣ ਹੈ ਜੋ ਮਨੁੱਖ ਦੇ ਅੰਦਰ ਹੈ; ਇਹ ਤਾਂ ਆਤਮਾ ਦੀ ਹਾਲਤ ਹੈ ਜੋ ਪਰਮੇਸ਼ੁਰ ਦੀ ਹਜੂਰੀ ਵਿੱਚ ਜਾਂਦੀ ਹੈ ।

24 ਪਰ ਅਸੀਂ ਚੀਜਾਂ ਨੂੰ ਪਹਿਲਾਂ ਤੋਂ ਹੀ ਮਨ ਲੈਂਦੇ ਹਾਂ । ਅਸੀਂ ਸੋਚਦੇ ਹਾਂ ਕਿਓਂਕਿ ਅਸੀਂ ਇੱਕ ਕੌਮ ਹਾਂ...ਅਹਾਬ ਅਤੇ ਸਾਰੀ ਇਸਰਾਏਲ ਕੌਮ ਨੇ ਇਸੇ ਤਰਾਂ ਪਹਿਲਾਂ ਤੋਂ ਹੀ ਮੰਨ ਲਿਆ ਸੀ ਕਿ ਸਭ ਕੁਝ ਠੀਕ ਹੀ ਹੈ । ਉਹਨਾਂ ਦੇ ਜਾਜਕਾਂ ਅਤੇ ਪ੍ਰਚਾਰਕਾਂ ਨੇ ਉਹਨਾਂ ਨੂੰ ਦੱਸਣ ਦਾ ਯਤਨ ਕੀਤਾ, "ਸਭ ਠੀਕ ਹੈ । ਸਭ ਕੁਝ ਬਹੁਤ ਹੀ ਵਧੀਆ ਹੈ" । ਪਰ ਉਹਨਾਂ ਕੋਲ ਇੱਕ ਸੀ ਜੋ ਗਲਤ ਚੀਜਾਂ ਦੇ ਵਿਰੁਧ ਦੁਹਾਈ ਦਿੰਦਾ ਸੀ ਕਿਓਂਕਿ ਉਹ ਜਾਣਦਾ ਸੀ ਕਿ ਪਵਿੱਤਰ ਪਰਮੇਸ਼ੁਰ ਨੂੰ ਇੱਕ ਪਲੀਤ ਧਰਮ ਦੇ ਆਧੁਨਿਕ ਰਿਵਾਜਾਂ ਨਾਲ ਸੰਤੁਸਟ ਨਹੀਂ ਕੀਤਾ ਜਾ ਸਕਦਾ ।

25 ਸੋ ਕੀ ਸਵਰਗ ਦਾ ਪਰਮੇਸ਼ੁਰ ਅੱਜ ਵੀ ਉਹੋ ਜਿਹਾ ਹੈ । ਸਾਡੀਆਂ ਸਭ ਕੋਸ਼ਿਸਾਂ ਅਤੇ ਵੱਡੀਆਂ ਵੱਡੀਆਂ ਚੀਜਾਂ ਜੋ ਅਸੀਂ ਕਰਨ ਦਾ ਯਤਨ ਕਰ ਰਹੇ ਹਾਂ, ਪਰਮੇਸ਼ੁਰ ਆਪਣੇ ਸਾਹਮਣੇ ਇੱਕ ਸੰਪੂਰਣ ਪਵਿੱਤਰ ਜੀਵਣ ਤੋਂ ਇਲਾਵਾ ਹੋਰ ਕਿਸੇ ਚੀਜ ਤੋਂ ਖੁਸ਼ ਨਹੀਂ ਹੋਵੇਗਾ ।

26 ਅਸੀਂ ਸਕੂਲ, ਤੀਰਥਸਥਾਨ ਅਤੇ ਡੇਰੇ ਬਣਾ ਸਕਦੇ ਹਨ । ਅਸੀਂ ਜਥੇਬੰਦੀਆਂ ਬਣਾ ਸਕਦੇ ਹਾਂ । ਅਸੀਂ ਵੱਡੇ ਵੱਡੇ ਕੰਮ ਕਰ ਸਕਦੇ ਹਾਂ ਪਰ ਫਿਰ ਵੀ ਪਰਮੇਸ਼ੁਰ ਉਨਾਂ ਚਿਰ ਸੰਤੁਸ਼ਟ ਨਹੀਂ ਹੋਵੇਗਾ ਜੱਦ ਤਕ ਮਨੁੱਖ ਦਾ ਪ੍ਰਾਣ ਪਰਮੇਸ਼ੁਰ ਦੀ ਵੇਦੀ ਉੱਤੇ ਪਵਿਤਰ ਨਹੀਂ ਹੋ ਜਾਂਦਾ ਅਤੇ ਪਰਮੇਸ਼ੁਰ ਦੇ ਕੰਮਾਂ ਲਈ ਸਮਰਪਿਤ ਨਹੀਂ ਕੀਤੀ ਜਾਂਦੀ । ਅਤੇ ਤੁਸੀਂ ਅੱਜ ਇਸ ਤਰ੍ਹਾਂ ਦੀ ਚੀਜ ਨਹੀਂ ਲਭ ਸਕਦੇ ।

27 ਤੁਸੀਂ ਵੇਖਦੇ ਹੋ ਕਿ ਸਾਡੀਆਂ ਪ੍ਰਾਰਥਨਾ ਸਭਾਵਾਂ ਬਹੁਤ ਕਮਜੋਰ ਹਨ, ਸਿਰਫ ਇੱਕ ਮਿੰਟ ਦੀ ਪ੍ਰਾਰਥਨਾ ਤੇ ਕੁੱਦ ਕੇ ਬਿਸਤਰੇ ਉੱਤੇ ਚਲੇ ਜਾਂਦੇ ਹਾਂ । ਅਸੀਂ ਵੇਖਦੇ ਹਾਂ ਕਿ ਇਹ ਦਿਨ ਵਿਚ ਲਗਭਗ ਇੱਕ ਜਾਂ ਦੋ ਵਾਰ ਹੁੰਦਾ ਹੈ । ਜੱਦ ਕਿ ਅਸੀਂ ਸਭ ਹੀ ਦੋਸ਼ੀ ਹਾਂ । ਸਾਡੇ ਦੇਸ਼ ਦਾ ਨੈਤਿਕ ਤੋਰ ਤੇ ਪਤਨ ਹੋ ਰਿਹਾ ਹੈ । ਸਾਡੇ ਕੋਲ ਹਰ ਜਗ੍ਹਾ ਬਿਲੀ ਗ੍ਰਾਹਮ ਅਤੇ ਔਰਲ ਰੋਬਰਟਸ ਹਨ । ਪਰ ਜੱਦ ਤਕ ਅਮਰੀਕਾ ਦੇ ਦਿਲ ਵਿੱਚ ਪਿਆਸ ਪੈਦਾ ਨਹੀਂ ਹੁੰਦੀ ਕਿ ਆਪਣੇ ਆਪ ਨੂੰ ਮੁੜ੍ਹ ਜਿਉਂਦੇ ਪਰਮੇਸ਼ੁਰ ਕੋਲ ਲੈ ਕੇ ਆਵੇ, ਇੱਕ ਜਿਉਂਦੇ ਤਜਰਬੇ ਦੇ ਲਈ, ਜਿਉਂਦੇ ਪਰਮੇਸ਼ੁਰ ਦੇ ਨਾ ਮਰਨ ਵਾਲੇ ਵਿਸ਼ਵਾਸ ਲਈ, ਤਾਂ ਅਸੀਂ ਕਹਿ ਸਕਦੇ ਹਾਂ ਕਿ ਅਸੀਂ ਤਾਂ ਬੱਸ ਆਪਣਾ ਦਿਮਾਗ ਹੀ ਲੜਾ ਰਹੇ ਹਾਂ ।

28 ਅਸੀਂ ਆਪਣੀ ਛਾਤੀ ਤਾਣ ਕੇ ਚੱਲ ਸਕਦੇ ਹਾਂ, ਆਪਣੀ ਕਮੀਜ ਦੇ ਕਾਲਰ ਨੂੰ ਖੜਾ ਕਰਕੇ ਗਲੀ ਵਿੱਚ ਚਲ ਸਕਦੇ ਹਾਂ ਅਤੇ ਇਛਾ ਕਰ ਸਕਦੇ ਹਾਂ ਕਿ ਸਾਨੂੰ "ਡਾਕਟਰ" ਜਾਂ "ਰੈਵਰੈਂਟ" ਕਿਹਾ ਜਾਵੇ । ਅਸੀਂ ਦੇਸ਼ ਦੀ ਸਭ ਤੋਂ ਵਡੀ ਕਲੀਸਿਯਾ ਦੇ ਪਾਸਟਰ ਹੋ ਸਕਦੇ ਹਾਂ ਅਤੇ ਇੰਨੇ ਪਵਿਤਰ ਹੋ ਸਕਦੇ ਹਾਂ ਕਿ ਕੋਈ ਮਨੁੱਖ ਸਾਡੇ ਜੀਵਨ ਉੱਤੇ ਉਂਗਲੀ ਨਾ ਚੁੱਕ ਸਕਦਾ ਹੋਵੇ । ਪਰ ਜਦ ਤੱਕ ਇਹ ਪ੍ਰਾਣ ਜੋ ਸਾਡੇ ਵਿੱਚ ਹੈ ਪਰਮੇਸ਼ੁਰ ਦੇ ਲਈ ਸਰਗਰਮ ਨਹੀਂ, ਜੱਦ ਤਕ ਸਾਡੇ ਵਿੱਚ ਉਹ ਕੁਝ ਨਹੀਂ ਹੈ ਜੋ ਪਰਮੇਸ਼ੁਰ ਦੇ ਲਈ ਤਰਸ ਨਹੀਂ ਰਿਹਾ! "ਜਿਵੇਂ ਹਰਨੀ ਪਾਣੀ ਦੇ ਝਰਨੇ ਦੇ ਲਈ ਤਰਸਦੀ ਹੈ, ਹੇ ਪਰਮੇਸ਼ੁਰ, ਮੇਰਾ ਪ੍ਰਾਣ ਤੇਰੇ ਲਈ ਤਰਸਦਾ ਹੈ" । ਜੱਦ ਤਕ ਸਾਡਾ ਏਦਾਂ ਦਾ ਤਜਰਬਾ ਨਹੀਂ ਹੁੰਦਾ ।

29 ਇਸ ਲਈ, ਸਾਮਵਾਦ ਅਤੇ ਵਗੈਰਾ ਵਗੈਰਾ, ਜੜ੍ਹ ਫੜਨਗੇ ਜਿਦਾਂ ਕਿ ਉਹ ਕਰ ਰਹੇ ਹਨ ਅਤੇ ਸਾਰੇ ਮਿਲ ਕੇ ਵੀ ਇਸ ਨੂੰ ਕਦੇ ਵੀ ਰੋਕ ਨਹੀਂ ਸਕਣਗੇ । ਇਸ ਦੇ ਆਉਣ ਦੀ ਭਵਿਖਵਾਣੀ ਕੀਤੀ ਗਈ ਹੈ । ਪਰ ਪਰਮੇਸ਼ੁਰ ਆਪਣੀ ਕਲੀਸਿਯਾ ਨੂੰ ਬੁਲਾ ਰਿਹਾ ਹੈ ।

30 ਕਿਵੇਂ ਉਸ ਔਰਤ ਕੋਲ ਏਲਿਯਾਹ ਦੇ ਵਰਗੀ ਯੋਗਤਾ ਜਾਂ ਸਮਝ ਰਹੀ ਹੋਵੇਗੀ! ਕਿਓਂਕਿ ਆਮ ਤੌਰ ਤੇ ਤੁਹਾਡੇ ਕੰਮ ਦੱਸਦੇ ਹਨ ਕਿ ਤੁਸੀਂ ਕੀ ਹੋ । ਅਤੇ ਫੇਰ ਉਹ ਪਰਮੇਸ਼ੁਰ ਦੇ ਨਬੀ ਦੀ ਦੇਖ ਭਾਲ ਦੇ ਲਈ ਚੁਣੀ ਗਈ ਸੀ । ਯਾਦ ਰਹੇ ਕਿ ਉਹ ਯਹੂਦੀ ਨਹੀ ਸੀ ਪਰ ਪਰਾਈ ਕੌਮ ਦੇ ਵਿਚੋਂ ਸੀ ।

31 ਅਤੇ ਧਰਤੀ ਤਪ ਰਹੀ ਸੀ । ਅਤੇ ਕੋਈ ਸ਼ੱਕ ਨਹੀਂ ਕਿ ਇਸ ਵਿਚਾਰੀ ਔਰਤ ਨੇ ਉਸ ਸਮਝ ਦੇ ਹੋਣ ਕਾਰਨ, ਵਿਸ਼ਵਾਸੀ ਕਿਸਮ ਦੀ ਹੋਣ ਕਰਕੇ…ਕਿਓਂ ਕੀ ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਨੇ ਉਸ ਨੂੰ ਬੁਲਾਇਆ ਨਾ ਹੁੰਦਾ ਜੇਕਰ ਉਹ ਪਰਮੇਸ਼ੁਰ ਦੇ ਨਬੀ ਦੀ ਦੇਖ ਭਾਲ ਕਰਨ ਦੇ ਯੋਗ ਨਾ ਹੁੰਦੀ । ਕਿਓਕਿ ਪਰਮੇਸ਼ੁਰ ਨੇ ਕਦੇ ਵੀ ਆਪਣੇ ਨਬੀ ਨੂੰ ਓਸ ਘਰ ਵਿੱਚ ਨਾ ਭੇਜਿਆ ਹੁੰਦਾ ਜਿਹੜਾ ਯੋਗ ਨਹੀਂ ਸੀ ।

32 ਇਹ ਉਸਦੀ ਚੋਣ ਨਹੀਂ ਸੀ । ਇਹ ਪਰਮੇਸ਼ੁਰ ਦੀ ਚੋਣ ਸੀ । ਇਹ ਉਸ ਔਰਤ ਦਾ ਏਲਿਯਾਹ ਨੂੰ ਨਿਓਤਾ ਨਹੀਂ ਸੀ । ਇਹ ਤਾਂ ਪਰਮੇਸ਼ੁਰ ਦਾ ਉਸ ਦੇ ਲਈ ਹੁਕਮ ਸੀ । ਉਸ ਨੂੰ

ਇੱਕ ਨਾਲੇ ਦੇ ਕੋਲ ਰਖਿਆ ਗਿਆ ਸੀ । ਪਹਾੜੀ ਕਾਂ ਉਸਨੂੰ ਭੋਜਨ ਦੇ ਰਹੇ ਸਨ । ਪਰ ਇਹ ਤਾਂ ਪਰਮੇਸ਼ੁਰ ਦਾ ਹੁਕਮ ਕੁਝ ਵਾਪਰਣ ਦੇ ਲਈ ਸੀ ।ਅਤੇ ਪਰਮੇਸ਼ੁਰ, ਯਕੀਨਨ ਪਰਮੇਸ਼ੁਰ ਏਲਿਯਾਹ ਵਰਗੇ ਸੁਭਾਅ ਵਾਲੇ ਇੱਕ ਵਿਸ਼ਵਾਸੀ ਕੋਲ ਗਿਆ ।

33 ਉਹ ਇੱਕ ਵਿੱਧਵਾ ਔਰਤ ਸੀ । ਅਤੇ ਅਸੀਂ ਸਾਰੇ ਜਾਣਦੇ ਹਾਂ ਕਿ ਉਹ, ਇੱਕ ਵਿੱਧਵਾ ਔਰਤ ਕੇਹੋ ਜਿਹੇ ਵਕਤ ਵਿਚੋਂ ਲੰਘ ਰਹੀ ਸੀ, ਉਸਦਾ ਪਤੀ ਮਰ ਗਿਆ ਸੀ ਅਤੇ ਉਸਨੂੰ ਇੱਕ ਛੋਟੇ ਬੱਚੇ ਨੂੰ ਪਾਲਣਾ ਸੀ ।

34 ਅਤੇ ਉਹਨਾਂ ਦੇਸ਼ਾਂ ਵਿੱਚ, ਉਹ ਆਪਣੀਆਂ ਫਸਲਾਂ ਉੱਤੇ ਨਿਰਭਰ ਕਰਦੇ ਸਨ । ਉਹਨਾਂ ਕੋਲ ਯੋਜਨਾਂਵਾਂ ਨਹੀਂ ਸਨ ਜਿਵੇਂ ਅੱਜ ਸਾਡੇ ਕੋਲ ਹਨ, ਅਤੇ ਸੁਰਖਿਆ ਦੇ ਜੁਗਾੜ ਨਹੀਂ ਸਨ । ਉਹ ਆਪਣੀ ਫਸਲ ਉੱਤੇ ਨਿਰਭਰ ਕਰਦੇ ਸਨ । ਅਤੇ ਲੋਕਾਂ ਦੀ ਬੁਰਿਆਈ ਅਤੇ ਉਹਨਾਂ ਦੇ ਨੈਤਿਕ ਪਤਨ ਨੇ ਉਨ੍ਹਾਂ ਦੀ ਧਰਤੀ ਉੱਤੇ ਸੋਕਾ ਲੈ ਆਂਦਾ ਸੀ, ਇਥੇ ਉਹ ਸਾਰੇ ਭੁਖ ਨਾਲ ਮਰ ਰਹੇ ਸਨ ।

35 ਅਤੇ ਸਾਨੂੰ ਪਤਾ ਲੱਗਦਾ ਹੈ ਕਿ ਕੋਈ ਸ਼ੱਕ ਨਹੀਂ ਕਿ ਉਹਨੇ ਰਾਤ ਬਰ ਰਾਤ, ਪੂਰੀ ਰਾਤ ਪ੍ਰਾਰਥਨਾ ਕੀਤੀ ਸੀ, ਜੱਦ ਉਸਨੇ ਵੇਖਿਆ ਕਿ ਮਟਕੇ ਵਿਚੋਂ ਆਟਾ ਘੱਟਦਾ ਹੀ ਜਾ ਰਿਹਾ ਹੈ । ਅਤੇ ਇੱਕ ਅਜਿਹਾ ਸਮਾਂ ਆ ਜਾਵੇਗਾ ਕਿ ਭਾਂਡੇ ਵਿੱਚ ਇੱਕ ਮੁਠੀ ਆਟਾ ਵੀ ਨਹੀਂ ਬਚੇਗਾ । ਉਸਦੇ ਕੋਲ ਇੱਕ ਮੁਠੀ ਆਟਾ ਹੀ ਬਚਿਆ ਸੀ । ਮੌਤ ਉਹਦੇ ਬੂਹੇ ਉੱਤੇ ਆ ਰਹੀ ਸੀ । ਕਿਓਂਕਿ ਹੋਰ ਆਟਾ ਆਉਣ ਦਾ ਕੋਈ ਰਾਹ ਨਜਰ ਨਹੀਂ ਆ ਰਿਹਾ ਸੀ । ਅਤੇ ਸਾਰੀ ਕੌਮ ਭੁੱਖ ਦੇ ਨਾਲ ਮਰ ਰਹੀ ਸੀ ।

36 ਅਤੇ ਉਸ ਛੋਟੀ ਕੁੱਜੀ ਵਿੱਚ ਤੇਲ ਵੀ ਲੱਗਭਗ ਇੱਕ ਹੀ ਚਮਚਾ ਬਚਿਆ ਸੀ । ਬਸ ਮੁਠੀ ਭਰ ਆਟਾ ਅਤੇ ਇੱਕ ਚਮਚਾ ਤੇਲ ਉਹਦੇ ਅਤੇ ਮੌਤ ਦੇ ਵਿਚਾਲੇ ਖੜਾ ਸੀ । ਉਹ ਆਪਣੀ ਪ੍ਰਾਰਥਨਾਵਾਂ ਵਿੱਚ ਪੂਰੀ ਤਰ੍ਹਾਂ ਗੰਭੀਰ ਹੋ ਗਈ ਸੀ ।ਜੇਕਰ ਅਜਿਹੀ ਹਾਲਤ ਤੁਹਾਡੇ ਘਰ ਵਿੱਚ ਆ ਜਾਵੇ ਤੇ ਫੇਰ ਤੁਸੀਂ ਤਾਂ ਅੱਜ ਦੀ ਸਵੇਰ ਨਾਲੋਂ ਥੋੜਾ ਜਿਹਾ ਹੋਰ ਵਫ਼ਾਦਾਰ ਹੋ ਜਾਵਾਂਗੇ, ਜਦੋਂ ਸਾਨੂੰ ਪਤਾ ਹੋਵੇਗਾ ਕਿ ਮੌਤ ਬੂਹੇ ਤੇ ਖੜੀ ਹੈ ।

37 ਅਤੇ ਮੈਨੂੰ ਯਕੀਨ ਹੈ, ਹੋ ਸਕਦਾ ਹੈ, ਕਿ ਅਸੀਂ ਸੋਚਾਂਗੇ ਕਿ ਉਸਨੇ ਸਾਇਦ ਪੂਰੀ ਰਾਤ ਪ੍ਰਾਰਥਨਾ ਕੀਤੀ ਸੀ ਅਤੇ ਇੱਕ ਹੋਰ ਦਿਨ ਬੀਤ ਗਿਆ ਸੀ ।ਉਹਨੇ ਆਪਣੇ ਤਿੰਨ ਜਾਂ ਚਾਰ ਸਾਲ ਦੀ ਉਮਰ ਦੇ ਮੁੰਡੇ ਦੇ ਪੀਲੇ ਬੁਲਾਂ ਨੂੰ ਵੇਖਿਆ ਹੋਵੇਗਾ । ਅਤੇ ਉਹ ਆਪਣੀਆਂ ਹੱਡੀਆਂ ਨੂੰ ਵੀ ਸੁਕਦੇ ਹੋਏ ਵੇਖ ਰਹੀ ਸੀ ਜਿਵੇਂ ਕਿ ਮਾਸ ਉਹਨਾਂ ਉਪਰੋਂ ਸੁੱਕ ਰਿਹਾ ਸੀ ।ਅਤੇ ਇੱਕ ਮਾਂ ਦੇ ਲਈ ਇਹ ਸਭ ਹੁੰਦਾ ਵੇਖਣਾ ਇੱਕ ਭਿਆਨਕ ਚੀਜ ਰਹੀ ਹੋਵੇਗੀ । ਅਤੇ ਫਿਰ ਵੀ ਉਹ ਆਪਣੇ ਹੱਥ ਪਰਮੇਸ਼ੁਰ ਦੇ ਅੱਗੇ ਰਖ ਕੇ ਦਿਨ ਰਾਤ ਪ੍ਰਾਰਥਨਾ ਕਰ ਰਹੀ ਸੀ, "ਹੁਣ ਸਾਡੇ ਕੋਲ ਇੱਕ ਮੁੱਠੀ ਆਟਾ ਅਤੇ ਇੱਕ ਚਿਮਚਾ ਤੇਲ ਹੀ ਬਚਿਆ ਹੈ" ।

38 ਤੁਸੀਂ ਜਾਣਦੇ ਹੋ ਕਿ ਇਹ ਇੱਕ ਅਜੀਬ ਗਲ ਹੈ । ਕਾਸ਼ ਕਿ ਪਰਮੇਸ਼ੁਰ ਤੁਹਾਨੂੰ ਸਭਨਾਂ ਨੂੰ ਇਹ ਗੱਲ ਦੀ ਸਮਝ ਦਵੇ, ਜੇਕਰ ਤੁਸੀਂ ਦੁਬਾਰਾ ਕਦੇ ਮੈਨੂੰ ਪਰਚਾਰ ਕਰਦੇ ਹੋਏ ਨਾ ਸੁਨੋ । ਇਸ ਨੂੰ ਇੱਕ ਸੰਦੇਸ਼ ਹੋਣ ਦਿਓ । ਇਹ ਅਜੀਬ ਹੈ, ਬਹੁਤ ਅਜੀਬ ਹੈ, ਕਿ ਪਰਮੇਸ਼ੁਰ ਕਦੇ ਕਦੇ ਏਸ ਢੰਗ ਨਾਲ ਵੀ ਕੰਮ ਕਰਦਾ ਹੈ ।

39 ਤੁਸੀਂ ਜਾਣਦੇ ਹੋ, ਜਦ ਅਸੀਂ ਆਪਣੇ ਪਾਪਾਂ ਦਾ ਇਕਰਾਰ ਕਰ ਲਿਆ ਹੈ ਅਤੇ ਪਰਮੇਸ਼ੁਰ ਦੀ ਹਰੇਕ ਮੰਗ ਨੂੰ ਪੂਰਾ ਕੀਤਾ ਹੈ ਜਿਸ ਦੀ ਪਰਮੇਸ਼ੁਰ ਮੰਗ ਕਰਦਾ ਹੈ...ਅਸੀਂ ਪਰਮੇਸ਼ੁਰ

ਉੱਤੇ ਵਿਸ਼ਵਾਸ ਕਰਦੇ ਹਾਂ । ਅਜਿਹੇ ਹਾਲਾਤ ਵੀ ਹਨ ਜਿਨ੍ਹਾਂ ਦਾ ਸਾਹਮਣਾ ਕਰਨਾ ਹੀ ਹੈ ਅਤੇ ਇਹ ਉਹਦੀ ਮਰਜੀ ਦੇ ਮੁਤਾਬਿਕ ਹੈ ।ਅਸੀਂ ਆਪਣੇ ਪਾਪ ਮੰਨ ਲਏ ਹਨ, ਅਸੀਂ ਆਪਣੀਆਂ ਸਾਰੀਆਂ ਗਲਤੀਆਂ ਜੋ ਅਸਾਂ ਕੀਤੀਆਂ ਹਨ ਉਹਨਾਂ ਨੂੰ ਸੁਧਾਰ ਲਿਆ ਹੈ ਅਤੇ ਜੋ ਸਾਨੂੰ ਕਰਨਾ ਚਾਹੀਦਾ ਹੈ ਉਸਨੂੰ ਜਿਦਾਂ ਕਰਨਾ ਚਾਹੀਦਾ ਸੀ ਉਸ ਤਰ੍ਹਾਂ ਕਰ ਲਿਆ ਹੈ । ਹਰੇਕ ਮੰਗ ਜੋ ਪਰਮੇਸ਼ੁਰ ਨੇ ਕੀਤੀ ਜਾਂ ਮੰਗੀ ਅਸੀਂ ਉਸਨੂੰ ਪੂਰਾ ਕੀਤਾ ਅਤੇ ਫਿਰ ਵੀ ਉਹ ਚੁੱਪ ਰਹਿੰਦਾ ਹੈ । ਉਹ ਬੱਸ ਜਵਾਬ ਹੀ ਨਹੀਂ ਦਿੰਦਾ ।

40 ਮੈਨੂੰ ਪੂਰਾ ਯਕੀਨ ਹੈ ਕਿ ਅੱਜ ਸਵੇਰ ਮੈਂ ਉਨ੍ਹਾਂ ਲੋਕਾਂ ਨਾਲ ਬੋਲ ਰਿਹਾ ਹਾਂ ਜਿਹੜੇ ਉਸ ਤਰ੍ਹਾਂ ਦੇ ਹਾਲਾਤ ਵਿਚੋਂ ਲੰਘ ਚੁਕੇ ਹਨ । ਮੈਂ ਵੀ ਬਹੁਤ ਵਾਰ ਅਜਿਹੇ ਹਾਲਾਤਾਂ ਵਿਚੋਂ ਲੰਘਿਆ ਹਾਂ । ਜਦ ਮੈਂ ਪਿਛਾਂਹ ਜਾ ਕੇ ਆਪਣੀ ਜਿੰਦਗੀ ਨੂੰ ਫੋਲਿਆ ਅਤੇ ਹਰੇਕ ਗੱਲ ਦਾ ਪਤਾ ਕੀਤਾ ਅਤੇ ਜਦ ਮੈਨੂੰ ਪਤਾ ਲੱਗਾ ਕਿ ਮੈਂ ਕੁਝ ਗਲਤੀ ਕੀਤੀ ਹੈ, ਤਾਂ ਮੈਂ ਜਾ ਕੇ ਇਹਦੀ ਮਾਫ਼ੀ ਮੰਗਦਾ ਹਾਂ ਅਤੇ ਆਖਦਾ ਹਾਂ, “ਪ੍ਰਭੂ ਪਰਮੇਸ਼ੁਰ, ਮੈਂ ਇਸ ਨੂੰ ਠੀਕ ਕਰ ਲਵਾਂਗਾ” ਅਤੇ ਜਾ ਕੇ ਏਦਾਂ ਹੀ ਕਰਦਾ ਸਾਂ । ਅਤੇ ਫਿਰ ਵਾਪਸ ਆ ਕੇ ਆਖਦਾ ਹਾਂ, “ਹੁਣ, ਪ੍ਰਭੂ, ਤੂੰ ਪਰਮੇਸ਼ੁਰ ਹੈਂ; ਤੂੰ ਮੈਨੂੰ ਜਵਾਬ ਦੇਵੇਂਗਾ । ਯਕੀਨਨ ਮੈਂ ਹਰੇਕ ਮੰਗ ਨੂੰ ਪੂਰਾ ਕਰ ਲਿਆ ਹੈ ਜੋ ਤੂੰ ਚਾਹੁੰਦਾ ਸੀ ਕਿ ਮੈਂ ਕਰਾਂ । ਅਤੇ ਮੈਂ ਹਰੇਕ ਮੰਗ ਪੂਰੀ ਕਰ ਲਈ ਹੈ” । ਅਤੇ ਫਿਰ ਵੀ ਪਰਮੇਸ਼ੁਰ ਨਹੀਂ ਹਿਲਦਾ, ਏਦਾਂ ਲਗਦਾ ਹੈ ਕਿ ਉਹ ਚੁੱਪ ਹੈ, ਇਹ ਉਹ ਸਮਾਂ ਹੁੰਦਾ ਹੈ ਜਦ ਤੁਸੀਂ ਇਹ ਪੱਕ ਜਾਣ ਲੈਣਾ ਹੈ ਕਿ ਉਹ ਪਰਮੇਸ਼ੁਰ ਹੈ । ਹੌਂਸਲਾ ਨਾ ਹਾਰੋ । ਪਰ ਸਿਰਫ ਇੱਕ ਹੀ ਕੰਮ ਹੈ ਕਿ ਆਪਣੇ ਦਿਲ ਵਿੱਚ ਪਰਮੇਸ਼ੁਰ ਨੂੰ ਪੱਕ ਜਾਣ ਲਓ ।

41 ਮੇਰਾ ਵਿਸ਼ਾ । ਪੱਕੀ ਤਰ੍ਹਾਂ ਜਾਨ ਲਓ, ਇਸ ਤੋਂ ਪਹਿਲਾਂ ਕਿ ਤੁਸੀਂ ਕੁਝ ਕਰੋ । ਆਪਣੇ ਦਿਲ ਵਿੱਚ ਪੱਕੀ ਤਰ੍ਹਾਂ ਜਾਨ ਲਓ ਕਿ ਇਹ ਪਰਮੇਸ਼ੁਰ ਹੈ । ਅਤੇ ਜੋ ਉਹਨੇ ਆਖਿਆ ਹੈ ਤੁਸੀਂ ਉਹ ਸਭ ਪੂਰਾ ਕਰ ਲਿਆ ਹੈ, ਤਦ ਤੁਹਾਨੂੰ ਪੂਰਾ ਯਕੀਨ ਹੈ ਕਿ ਉਹ ਪਰਮੇਸ਼ੁਰ ਹੈ ਤਾਂ ਫਿਰ ਉਥੇ ਹੀ ਵਿਸ਼ਵਾਸ ਕੰਮ ਕਰੇਗਾ । ਵਿਸ਼ਵਾਸ ਸਥਿਰ ਖੜਾ ਰਹਿੰਦਾ ਹੈ ਕਿਓਂਕਿ ਇਹ ਜਾਣਦਾ ਹੈ ਕਿ ਉਹ ਹੈ ।

42 ਅਤੇ ਤੁਸੀਂ ਹਰੇਕ ਮੰਗ ਪੂਰੀ ਕਰ ਲਈ ਹੈ । ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਹੈ ਅਤੇ ਵਿਸ਼ਵਾਸ ਸਥਿਰ ਰਹਿੰਦਾ ਹੈ । ਔਹ, ਉਹਦਾ ਨਾਮ ਮੁਬਾਰਕ ਹੋਵੇ! ਵਿਸ਼ਵਾਸ ਨਹੀਂ ਖਿੜਕੇਗਾ ਕਿਓਂਕਿ ਇਹ ਪੱਕਾ ਹੈ ਕਿ ਪਰਮੇਸ਼ੁਰ ਹੈ ਅਤੇ ਜਿਹੜੇ ਉਹਨੂੰ ਦਿਲੋਂ ਭਾਲਦੇ ਹਨ ਉਹਨਾਂ ਨੂੰ ਪ੍ਰਤੀਫਲ ਦਿੰਦਾ ਹੈ ।

43 ਬ੍ਰਾਨਹਾਮ ਡੇਰੇ, ਕਾਸ਼ ਕਿ ਇਹ ਗਹਿਰਾਈ ਵਿੱਚ ਜਾਵੇ ਅਤੇ ਤੁਹਾਡੇ ਤੋਂ ਕਦੇ ਦੂਰ ਨਾ ਹੋਵੇ । ਜੇਕਰ ਤੁਸੀਂ ਪਰਮੇਸ਼ੁਰ ਦੀਆਂ ਮੰਗਾਂ ਨੂੰ ਪੂਰਾ ਕੀਤਾ ਹੈ ਅਤੇ ਆਪਣੇ ਦਿਲ ਵਿੱਚ ਵਿਸ਼ਵਾਸ ਕਰਦੇ ਹੋ ਕਿ ਉਹ ਹੈ, ਪਰਮੇਸ਼ੁਰ ਕੇਵਲ ਤੁਹਾਡਾ ਵਿਸ਼ਵਾਸ ਪਰਖ ਰਿਹਾ ਹੈ, ਕਿਓਂਕਿ ਉਸਨੂੰ ਇੰਜ ਕਰਨਾ ਚੰਗਾ ਲਗਦਾ ਹੈ । ਤੁਸੀਂ ਆਪਣੇ ਪਾਪ ਮੰਨ ਲਏ ਹਨ ਅਤੇ ਤੁਸੀਂ ਉਸ ਹਰੇਕ ਮੰਗ ਨੂੰ ਪੂਰਾ ਕੀਤਾ ਹੈ ਜੋ ਪਰਮੇਸ਼ੁਰ ਨੇ ਰਖੀ ਹੈ ਅਤੇ ਅਜੇ ਵੀ ਉਹ ਚੁੱਪ ਰਹਿੰਦਾ ਹੈ, ਚੇਤੇ ਰਖੋ, ਵਿਸ਼ਵਾਸ ਕਹਿੰਦਾ ਹੈ ਕਿ ਉਹ ਹੈ । ਫਿਰ ਵਿਸ਼ਵਾਸ ਇਸ ਗੱਲ ਨੂੰ ਫੜੀ ਰਖਦਾ ਹੈ ਅਤੇ ਨਾ ਜਾਣਦੇ ਹੋਏ ਕਿ ਇਹ ਸਭ ਕੀ ਹੈ, ਪਰ ਇਹ ਜਾਣਦਾ ਹੈ ਕਿ ਉਹ ਹੈ, ਅਤੇ ਇਹ ਨੂੰ ਪੂਰਾ ਯਕੀਨ ਹੈ ਕਿ ਉਹ ਹੈ ।

44 ਫੇਰ, ਯਾਦ ਰਹੇ, ਜੇਕਰ ਉਹ ਹੈ ਤਾਂ ਉਸਦੇ ਵਚਨ ਵੀ ਸੱਚੇ ਹੀ ਹੋਣੇ ਹਨ । ਅਤੇ ਜੇਕਰ ਉਸਦੀ ਮੰਗ ਸੀ ਕਿ ਤੁਸੀਂ ਇਹਨਾਂ ਹਾਲਾਤਾਂ ਦਾ ਸਾਹਮਣਾ ਕਰੋ ਅਤੇ ਤੁਸੀਂ ਕੀਤਾ ਤਾਂ ਫਿਰ

ਉਹ ਆਪਣੇ ਵਚਨ ਨੂੰ ਪੂਰਾ ਕਰਨ ਲਈ ਵਚਨਬਧ ਹੈ । ਪਿਛਾਂਹ ਹੱਟ ਕੇ ਇਹ ਨਾ ਆਖੋ ਕਿ, "ਖੈਰ, ਮੈਂ ਕਦੇ ਚੰਗਾਈ ਨਹੀਂ ਪਾਈ । ਮੈਂ..." ਓਹ, ਤੁਸੀਂ ਕਮਜੋਰ ਵਿਸ਼ਵਾਸ ਵਾਲਿਓ । ਇਹਦਾ ਯਕੀਨ ਨਾ ਕਰੋ । ਜੇਕਰ ਹਰੇਕ ਚੀਜ ਤੇ ਹਰੇਕ ਗੱਲ ਦਾ ਇਕਰਾਰ ਕਰ ਲਿਆ ਗਿਆ ਹੈ ਤੇ ਹਰੇਕ ਗੱਲ ਸਾਫ਼ ਹੋ ਚੁਕੀ ਹੈ ਅਤੇ ਤੁਸੀਂ ਪਰਮੇਸ਼ੁਰ ਮੰਗ ਨੂੰ ਪੂਰਾ ਕਰ ਲਿਆ ਹੈ, ਤਾਂ ਵਿਸ਼ਵਾਸ ਉਥੇ ਹੀ ਸਥਿਰ ਹੈ । ਕੋਈ ਵੀ ਚੀਜ ਇਸ ਨੂੰ ਹਿਲਾ ਨਹੀਂ ਸਕੇਗੀ । ਉਹ ਹੈ ਅਤੇ ਤੁਸੀਂ ਇਸ ਨੂੰ ਪੱਕ ਜਾਣਦੇ ਹੋ । "ਉਹ ਜਿਹੜੇ ਯਹੋਵਾਹ ਨੂੰ ਉਡੀਕਦੇ ਹਨ, ਉਹ ਨਵੇਂ ਸਿਰਿਓਂ ਬਲ ਪਾਉਣਗੇ, ਉਹ ਉਕਾਬਾਂ ਵਾਂਗ ਆਪਣੇ ਖੰਭਾ ਉੱਤੇ ਉਡਣਗੇ । ਉਹ ਦੋੜ੍ਹਣਗੇ ਅਤੇ ਨਾ ਥਕਣਗੇ, ਉਹ ਫਿਰਨਗੇ ਪਰ ਹੁੱਸਣਗੇ ਨਹੀਂ ।

45 ਉਡੀਕੋ, ਜਦ ਤੁਸੀਂ ਉਸਦੀ ਮੰਗ ਪੂਰੀ ਕਰ ਲਈ ਹੈ । ਇਹ ਤੁਹਾਡੇ ਵਿਸ਼ਵਾਸ ਨੂੰ ਇੱਕ ਮੁਕਾਬਲੇ ਦੇ ਲਈ ਉਤਾਰਦਾ ਹੈ । ਜੇਕਰ ਤੁਸੀਂ ਪੂਰਾ ਕਰ ਲਿਆ ਹੈ...ਪਰਮੇਸ਼ੁਰ ਦੀਆਂ ਮੰਗਾ ਨੂੰ ਪੂਰਾ ਕਰ ਲਿਆ ਹੈ ਅਤੇ ਤੁਸੀਂ ਇਸ ਨੂੰ ਪੂਰੀ ਤਰਾਂ ਵੇਖ ਲਿਆ ਹੈ ਅਤੇ ਤੁਸੀਂ ਉਹ ਸਭ ਕੁਝ ਕਰ ਲਿਆ ਹੈ ਜੋ ਪਰਮੇਸ਼ੁਰ ਚਾਹੁੰਦਾ ਸੀ ਕਿ ਤੁਸੀਂ ਕਰੋ, ਫੇਰ ਤੁਹਾਡਾ ਵਿਸ਼ਵਾਸ ਉਥੇ ਟਿਕਦਾ ਹੈ ਕਿ ਉਹ ਹੈ । ਪਰਮੇਸ਼ੁਰ ਨੂੰ ਪੱਕ ਜਾਣ ਲਓ ।

46 ਤੁਸੀਂ ਜਾਣਦੇ ਹੋ, ਉਹ ਸਾਡੀ ਪਰਖ ਕਰਨੀ ਪਸੰਦ ਕਰਦਾ ਹੈ । ਉਹ ਤੁਹਾਡੇ ਵਿਸਵਾਸ ਦੀ ਪ੍ਰਤੀਕ੍ਰਿਆ ਨੂੰ ਵੇਖਣਾ ਪਸੰਦ ਕਰਦਾ ਹੈ । ਕੀ ਤੁਹਾਨੂੰ ਇਹ ਪਤਾ ਸੀ? ਪਰਮੇਸ਼ੁਰ ਇਹ ਵੇਖਣਾ ਪਸੰਦ ਕਰਦਾ ਹੈ ਕਿ ਤੁਸੀਂ ਕਿਹੋ ਜਿਹੀ ਪ੍ਰਤਿਕ੍ਰਿਆ ਕਰੋਗੇ । ਜਦੋਂ ਤੁਸੀਂ ਕਹਿੰਦੇ ਹੋ, "ਹੇ ਪ੍ਰਭੂ, ਮੈਂ ਤੇਰੇ ਤੇ ਵਿਸ਼ਵਾਸ ਕਰਦਾ ਹਾਂ । ਤੂੰ ਮੇਰਾ ਮੁਕਤੀਦਾਤਾ ਹੈਂ । ਮੈਂ ਵਿਸ਼ਵਾਸ ਕਰਦਾ ਹਾਂ ਕਿ ਤੂੰ ਚੰਗਾਈ ਦੇਣ ਵਾਲਾ ਹੈਂ । ਮੈਂ ਵਿਸ਼ਵਾਸ ਕਰਦਾ ਹਾਂ ਕਿ ਤੂੰ ਹੀ ਪਵਿਤਰ ਆਤਮਾ ਦੇਂਦਾ ਹੈਂ । ਅਤੇ ਮੈਨੂੰ ਜਿਹੜੀਆਂ ਚੀਜਾਂ ਦੀ ਲੋੜ੍ਹ ਹੁੰਦੀ ਹੈ, ਤੂੰ ਉਹ ਪਰਮੇਸ਼ੁਰ ਹੈਂ ਜੋ ਇਹ ਦੇਂਦਾ ਹੈਂ" । ਅਤੇ ਫਿਰ ਜਦ ਤੁਸੀਂ ਆਪਣੇ ਸਾਰੇ ਪਾਪਾਂ ਦਾ ਇਕਰਾਰ ਕਰਦੇ ਹੋ ਅਤੇ ਪਰਮੇਸ਼ੁਰ ਨਾਲ ਵਾਅਦਾ ਕਰਦੇ ਹੋ ਕਿ ਤੁਸੀਂ ਕੀ ਕਰੋਗੇ ਜੇਕਰ ਉਹ ਤੁਹਾਨੂੰ ਚੰਗਾ ਕਰ ਦਵੇ ਅਤੇ ਫਿਰ ਜੱਦ ਇਹ ਨਹੀਂ ਹੁੰਦਾ ਤਾਂ ਤੁਸੀਂ ਇੱਕ ਡਰਪੋਕ ਦੇ ਵਾਂਗ ਕਿਤੇ ਭੱਜ ਜਾਂਦੇ ਹੋ । ਪਰਮੇਸ਼ੁਰ ਉਹਨੂੰ ਇਸਤੇਮਾਲ ਨਹੀਂ ਕਰ ਸਕਦਾ । ਤੁਹਾਨੂੰ ਇਸਤੇਮਾਲ ਕਰਨ ਦਾ ਉਸ ਕੋਲ ਕੋਈ ਢੰਗ ਤਰੀਕਾ ਨਹੀਂ । ਉਸ ਕੋਲ ਤੁਹਾਨੂੰ ਜਵਾਬ ਦੇਣ ਦਾ ਵੀ ਕੋਈ ਤਰੀਕਾ ਨਹੀਂ ਕਿਓਂਕਿ ਉਹ ਸਿਰਫ ਵਿਸ਼ਵਾਸ ਦੁਆਰਾ ਹੀ ਜਵਾਬ ਦੇਂਦਾ ਹੈ । ਫੇਰ ਅਚਾਨਕ ਹੀ ਤੁਸੀਂ ਦੂਰ ਚਲੇ ਜਾਂਦੇ ਹੋ ਅਤੇ ਉਹ ਜਵਾਬ ਨਹੀਂ ਦੇਂਦਾ । ਪਰ ਸਚਾ ਅਤੇ ਅਸਲੀ ਵਿਸ਼ਵਾਸ ਉਥੇ ਖੜਾ ਰਹਿੰਦਾ ਹੈ, ਇਹ ਯਕੀਨ ਰਖਦੇ ਹੋਏ ਕਿ ਪਰਮੇਸ਼ੁਰ ਹੈ । ਪੱਕ ਜਾਣ ਲਓ ਕਿ ਉਹ ਹੈ ।

47 ਅਤੇ ਜੇ ਪਰਮੇਸ਼ੁਰ ਆਖਦਾ ਹੈ ਕਿ ਇਹ ਕੰਮ ਕੀਤਾ ਜਾਵੇ ਕਿ ਆਪਣੇ ਪਾਪਾਂ ਦਾ ਇਕਰਾਰ ਕਰ ਅਤੇ ਵਗੈਰਾ ਵਗੈਰਾ ਅਤੇ ਤੁਸੀਂ ਇਹ ਕਰ ਲਿਆ ਹੈ, ਵਿਸ਼ਵਾਸ ਕਹਿੰਦਾ ਹੈ ਕਿ ਉਹ ਹੈ, ਇਹ ਪੱਕੀ ਗਲ ਹੈ ਕਿ ਇਹ ਹੋਵੇਗਾ । ਤੁਹਾਡੀ ਬੇਨਤੀ ਤਾਂ ਮਨਜੂਰ ਕੀਤੀ ਹੀ ਜਾਵੇਗੀ । ਓਹ, ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਇਸਨੂੰ ਸਮਝ ਗਏ ਹੋ । ਜੇਕਰ ਤੁਸੀਂ ਪਰਮੇਸ਼ੁਰ ਦੇ ਬਾਰੇ ਪੱਕੇ ਹੋ ਤਾਂ ਪਰਮੇਸ਼ੁਰ ਆਪਣੇ ਵਚਨ ਦਾ ਪੱਕਾ ਹੈ । ਉਹ ਤਾਂ ਤੁਹਾਡੀ ਪਰਖ ਕਰਨ ਲਈ ਉਡੀਕ ਰਿਹਾ ਹੈ ।

ਉਸਨੇ ਇਹ ਕਈ ਵਾਰ ਕੀਤਾ ਹੈ । ਆਓ ਇੱਕ ਜਾਂ ਦੋ ਮਾਮਲਿਆਂ ਨੂੰ ਵੇਖੀਏ ਅਥਵਾ ਉਹਨਾਂ ਦਾ ਅਭਿਆਸ ਕਰੀਏ ।

48 ਆਓ ਇਬਰਾਨੀ ਬੱਚਿਆਂ ਬਾਰੇ ਸੋਚੀਏ। ਉਹਨਾਂ ਨੇ ਮੂਰਤੀ ਦੇ ਅਗੇ ਨਹੀਂ ਸੀ ਝੁਕਣਾ। ਪਰਮੇਸ਼ੁਰ ਨੂੰ ਉਹਨਾਂ ਉੱਤੇ ਭਰੋਸਾ ਸੀ। ਅਤੇ ਜਦੋਂ ਉਹਨਾਂ ਨੇ ਸੁਣਿਆ ਕਿ ਉਹਨਾਂ ਨੂੰ ਬਲਦੀ ਹੋਈ ਅੱਗ ਦੀ ਭੱਠੀ ਵਿੱਚ ਜਾਣਾ ਹੈ, ਉਹਨਾਂ ਆਖਿਆ, "ਸਾਡਾ ਪਰਮੇਸ਼ੁਰ ਸਾਨੂੰ ਇਸ ਭੱਠੀ ਤੋਂ ਬਚਾਉਣ ਦੇ ਯੋਗ ਹੈ। ਪਰ ਜੇਕਰ ਉਹ ਨਾ ਵੀ ਬਚਾਵੇ, ਅਸੀਂ ਤਾਂ ਵੀ ਮੂਰਤੀ ਦੇ ਅੱਗੇ ਨਹੀਂ ਝੁਕਾਂਗੇ"। ਵੇਖੋ, ਉਹ ਪਰਮੇਸ਼ੁਰ ਨੂੰ ਯਕੀਨੀ ਅਤੇ ਪੱਕੀ ਤਰ੍ਹਾਂ ਜਾਣਦੇ ਸਨ।

49 ਉਹ ਜਾਣਦੇ ਸਨ ਕਿ ਉਹ ਯਹੋਵਾਹ ਹੈ। ਉਹ ਜਾਣਦੇ ਸਨ ਕਿ ਉਹ ਪ੍ਰਾਰਥਨਾ ਦਾ ਜਵਾਬ ਦੇਂਦਾ ਹੈ। ਪਰ ਭਾਵੇਂ ਉਹਨਾਂ ਦੇ ਮਾਮਲੇ ਵਿੱਚ ਉਸਨੇ ਜਵਾਬ ਦਿੱਤਾ ਸੀ ਕਿ ਨਹੀਂ, ਪਰ ਇਹ ਉਹਨਾਂ ਦੀ ਭਲਿਆਈ ਦੇ ਲਈ ਹੀ ਹੋਵੇਗਾ। ਇਸ ਲਈ ਉਹਨਾਂ ਨੇ ਆਪਣੇ ਬਿਆਨ ਦੇ ਦਿੱਤੇ ਅਤੇ ਆਪਣੇ ਪਾਪ ਮਨ ਲਏ ਅਤੇ ਮੌਤ ਵਿੱਚ ਉੱਤਰ ਗਏ।

50 ਜਦੋਂ ਉਹ ਅੱਗ ਦੀ ਬਲਦੀ ਹੋਈ ਭੱਠੀ ਵਿੱਚ ਜਾ ਰਹੇ ਸਨ, ਇਹ ਜਾਣਦੇ ਹੋਈ ਕਿ ਉਹਨਾਂ ਨੂੰ ਪੱਕਾ ਪਤਾ ਸੀ ਕਿ ਜੇਕਰ ਪਰਮੇਸ਼ੁਰ ਨੇ ਉਹਨਾਂ ਨੂੰ ਸੜ੍ਹਨ ਦਿਤਾ ਤਾਂ ਉਹ ਉਹਨਾਂ ਨੂੰ ਕਿਆਮਤ(ਪੁਨਰਉਥਾਨ) ਵਿੱਚ ਦੁਬਾਰਾ ਖੜਾ ਕਰੇਗਾ। ਉਹ ਪਰਮੇਸ਼ੁਰ ਨੂੰ ਪੱਕੀ ਤਰ੍ਹਾਂ ਜਾਣਦੇ ਸਨ ਕਿਓਂਕਿ ਉਹ ਜਾਣਦੇ ਸਨ ਪਰਮੇਸ਼ੁਰ ਸਭ ਕੁਝ ਉਹਨਾਂ ਦੀ ਭਲਿਆਈ ਦੇ ਲਈ ਕਰੇਗਾ ਅਤੇ ਜਦ ਅਸੀਂ ਪਰਮੇਸ਼ੁਰ ਨੂੰ ਪੱਕੀ ਤਰਾਂ ਜਾਣਦੇ ਹਾਂ ਤਾਂ ਅਸੀਂ ਇਹ ਵੀ ਜਾਣਦੇ ਹਾਂ ਕਿ ਪਰਮੇਸ਼ੁਰ ਸਭ ਕੁਝ ਸਾਡੀ ਭਲਿਆਈ ਦੇ ਲਈ ਕਰੇਗਾ।

51 ਇਸ ਲਈ, ਉਹਨਾਂ ਨੇ ਇੱਕ ਬਿਆਨ ਦਿੱਤਾ। ਉਹਨਾਂ ਨੂੰ ਪੂਰਾ ਯਕੀਨ ਸੀ ਅਤੇ ਉਹ ਸਿਧਾ ਅੱਗ ਦੀ ਬਲਦੀ ਹੋਈ ਭਠੀ ਵਿੱਚ ਉੱਤਰ ਗਏ। ਅਤੇ ਪਰਮੇਸ਼ੁਰ ਨੇ ਉਹਨਾਂ ਨੂੰ ਜਾਣ ਦਿੱਤਾ; ਉਹ ਬੈਠ ਕੇ ਉਨ੍ਹਾਂ ਨੂੰ ਵੇਖ ਰਿਹਾ ਸੀ। ਉਹ ਉਹਨਾਂ ਦੀ ਪ੍ਰਤਿਕ੍ਰਿਆ ਨੂੰ ਵੇਖਣਾ ਚਾਹੁੰਦਾ ਸੀ।

52 ਜਦ ਰਾਜੇ ਨੇ ਆਖਿਆ, "ਕੀ ਤੁਸੀਂ ਝੁਕੇ ਜਦ ਤੁਰ੍ਹੀ ਵਜੀ?"

ਉਹਨਾਂ ਆਖਿਆ, "ਨਹੀਂ, ਅਸੀਂ ਨਹੀਂ ਝੁਕੇ"। ਇਥੇ ਹੈ ਤੁਹਾਡਾ ਵਿਸ਼ਵਾਸ, ਮਜਬੂਤੀ ਨਾਲ ਪਕੜੇ ਹੋਏ।

"ਖੈਰ, ਜੇਕਰ ਤੁਸੀਂ ਨਹੀਂ ਝੁਕੇ, ਤੁਸੀਂ ਮੇਰਾ ਫਰਮਾਨ ਜਾਣਦੇ ਹੋ?"

"ਹਾਂ, ਅਸੀਂ ਤੇਰਾ ਫਰਮਾਨ ਜਾਣਦੇ ਹਾਂ"।

"ਮੇਰਾ ਫਰਮਾਨ ਹੈ ਕਿ ਇਹ ਭੱਠੀ ਦਸਤੂਰ ਨਾਲੋਂ ਸੱਤ ਗੁਣਾ ਹੋਰ ਤਾਈ ਜਾਵੇ ਅਤੇ ਮੈਂ ਤੁਹਾਨੂੰ ਉਸ ਵਿੱਚ ਸੁੱਟ ਦੇਵਾਂਗਾ। ਕੀ ਹੁਣ ਤੁਸੀਂ ਝੁਕਣਾ ਚਾਹੁੰਦੇ ਹੋ?"

"ਨਹੀਂ। ਅਸੀਂ ਨਹੀਂ ਝੁਕਾਂਗੇ"। ਇਹ ਸੀ ਉਹਨਾਂ ਦਾ ਵਿਸ਼ਵਾਸ।

53 ਪਰਮੇਸ਼ੁਰ ਆਖਦਾ ਹੈ, "ਖੈਰ, ਮੈਂ ਵੇਖਦਾ ਹਾਂ ਕਿ ਹੁਣ ਉਹ ਕੀ ਕਰਣਗੇ। ਮੈਂ ਵੇਖਾਂਗਾ ਕਿ ਉਹਨਾਂ ਦੇ ਵਿਸ਼ਵਾਸ ਦੀ ਕੀ ਪ੍ਰਤਿਕ੍ਰਿਆ ਹੈ"।

54 ਸੋ ਉਹਨੇ ਕਿਹਾ, "ਉਹਨਾਂ ਦੇ ਹੱਥ ਬੰਨ ਦਿਓ ਅਤੇ ਉਹਨਾਂ ਦੇ ਪੈਰ ਬੰਨ ਦਿਓ ਅਤੇ ਉਹਨਾਂ ਨੂੰ ਭੱਠੀ ਵਲ ਤੋਰੋ"। ਅਤੇ ਭੱਠੀ ਵਲ ਨੂੰ ਤੁਰ ਪਏ ਅਤੇ ਅੱਗ ਉਹਨਾਂ ਦੇ ਮੂੰਹ ਨੂੰ ਪੈ ਰਹੀ ਸੀ। ਪਰਮੇਸ਼ੁਰ ਅਜੇ ਵੀ ਖੜਾ ਹੋਇਆ ਇਹ ਵੇਖ ਰਿਹਾ ਸੀ। ਪਰ ਉਹਨਾਂ ਨੂੰ ਯਕੀਨ ਸੀ ਕਿ ਉਹ ਪਰਮੇਸ਼ੁਰ ਹੈ। ਉਹਨਾਂ ਨੇ ਆਪਣਾ ਇਕਰਾਰ ਕਰ ਲਿਆ ਸੀ। ਉਹਨਾਂ ਨੇ ਉਹ

ਸਭ ਕੁਝ ਠੀਕ ਕਰ ਲਿਆ ਸੀ ਜੋ ਉਹ ਜਾਣਦੇ ਸਨ । ਉਹਨਾਂ ਨੂੰ ਪੱਕਾ ਯਕੀਨ ਸੀ ਕਿ ਉਹ ਪਰਮੇਸ਼ੁਰ ਹੈ ।

55 ਇਸ ਲਈ ਉਹ ਸਿੱਧੇ ਅੱਗ ਦੀ ਬਲਦੀ ਹੋਈ ਭੱਠੀ ਵਿੱਚ ਚਲੇ ਗਏ । ਠੀਕ ਅਖੀਰਲੇ ਛਣ ਵਿੱਚ ਉਹ ਸਵਰਗ ਵਿਚੋਂ ਹਵਾ ਦੇ ਰੱਥ ਉੱਤੇ ਸਵਾਰ ਹੋ ਕੇ ਆ ਗਿਆ ਅਤੇ ਅੱਗ ਦੀਆਂ ਲਾਟਾਂ ਨੂੰ ਉਹਨਾਂ ਤੋਂ ਦੂਰ ਕਰ ਦਿੱਤਾ ਅਤੇ ਨਾਲ ਹੀ ਉਹਨਾਂ ਨੂੰ ਤਸੱਲੀ ਦਿੱਤੀ ਅਤੇ ਉਹਨਾਂ ਨਾਲ ਗਲ ਬਾਤ ਕੀਤੀ ।

56 ਪਰਮੇਸ਼ੁਰ ਤੁਹਾਡੇ ਵਿਸ਼ਵਾਸ ਨੂੰ ਅਜਿਹੀ ਜਗ੍ਹਾ ਤੇ ਆਉਣ ਦਿੰਦਾ ਹੈ ਜਿਥੋਂ ਇਹ ਪ੍ਰਤਿਕ੍ਰਿਆ ਕਰੇਗਾ ।

57 ਪੁਰਾਣੇ ਨੇਮ ਵਿੱਚ ਅਯੂਬ ਸੀ, ਜਦੋਂ ਸ਼ਤਾਨ, ਜੋ ਸਾਡੇ ਉੱਤੇ ਦੋਸ਼ ਲਾਉਣ ਵਾਲਾ ਹੈ, ਉਸਨੇ ਉਸ ਤੇ ਗੁਪਤ ਪਾਪੀ ਹੋਣ ਦਾ ਦੋਸ਼ ਲਾਇਆ । ਪਰ ਅਯੂਬ ਜਾਣਦਾ ਸੀ ਕਿ ਉਸਨੇ ਪਾਪ ਨਹੀਂ ਕੀਤਾ ਸੀ । ਉਹ ਜਾਣਦਾ ਸੀ ਕਿ ਉਸ ਨੇ ਜੋ ਵੀ ਕੀਤਾ ਸੀ ਉਸ ਦਾ ਇਕਰਾਰ ਕਰ ਲਿਆ ਸੀ ਅਤੇ ਉਹਨੇ ਹੋਮ ਦੀ ਬਲੀ ਚੜਾਈ ਸੀ । ਇਹ ਪਰਮੇਸ਼ੁਰ ਦੀ ਮੰਗ ਸੀ । ਏਹੋ ਹੀ ਸਭ ਕੁਝ ਪਰਮੇਸ਼ੁਰ ਚਾਹੁੰਦਾ ਸੀ ਤੇ ਉਹ ਸੀ ਹੋਮ ਦੀ ਬਲੀ ਅਤੇ ਇਕਰਾਰ । ਅਤੇ ਅਯੂਬ ਨੇ ਉਹ ਸਭ ਕੀਤਾ ਸੀ ।

58 ਅਤੇ ਸ਼ਤਾਨ ਨੇ ਆਖਿਆ, "ਮੈਂ ਉਹਦੇ ਊਠਾਂ ਨੂੰ ਲੈ ਲਵਾਂਗਾ ਕਿਓਂਕਿ ਉਹ ਇੱਕ ਅਮੀਰ ਆਦਮੀ ਹੈ । ਮੈਂ ਉਹਦੀਆਂ ਭੇਡਾਂ ਲੈ ਲਵਾਂਗਾ' । ਅਤੇ ਅੰਤ ਵਿੱਚ ਉਸ ਨੇ ਉਹਦੇ ਬੱਚਿਆਂ ਨੂੰ ਲੈ ਲਿਆ, ਜੋ ਉਸਦੇ ਦਿਲ ਦੇ ਸਭ ਤੋਂ ਨੇੜੇ ਸਨ ।

59 ਫਿਰ ਵੀ ਅਯੂਬ ਤਕੜਾ ਹੋ ਕੇ ਖੜਾ ਰਿਹਾ ਕਿਓਂਕਿ ਉਹ ਉਸ ਪਰਮੇਸ਼ੁਰ ਨੂੰ ਜਾਣਦਾ ਸੀ, ਖੈਰ, ਉਹਨੂੰ ਯਕੀਨ ਸੀ ਕਿ ਉਹ ਪਰਮੇਸ਼ੁਰ ਹੈ ਕਿਓਂਕਿ ਉਹਨੇ ਉਹਦੇ ਨਾਲ ਗੱਲ ਬਾਤ ਕੀਤੀ ਸੀ ਅਤੇ ਉਹਨੇ ਉਹਦੀਆਂ ਮੰਗਾ ਪੂਰੀਆਂ ਕੀਤੀਆਂ ਸਨ । ਉਸਨੇ ਜਾਂਚ ਪੜ੍ਹਤਾਲ ਕੀਤੀ ਅਤੇ ਉਹਨੂੰ ਪਤਾ ਲਗਾ ਕਿ, "ਮੈਂ ਤਾਂ ਹਰੇਕ ਹੋਮ ਬਲੀ ਚੜਾਈ ਹੈ । ਮੈਂ ਆਪਣੇ ਦਿਲ ਵਿੱਚ ਆਖਿਆ, 'ਸ਼ਾਇਦ ਜਦੋਂ ਮੇਰੇ ਪੁੱਤਰਾਂ ਨੇ ਇੱਕ ਭੋਜ ਦਿੱਤਾ ਅਤੇ ਮੇਰੀਆਂ ਧੀਆਂ ਉਥੇ ਗਈਆਂ, ਸ਼ਾਇਦ ਉਹਨਾਂ ਗੁਪਤ ਵਿੱਚ ਆਪਣੇ ਦਿਲ ਵਿੱਚ ਪਾਪ ਕੀਤਾ, ਇਸ ਲਈ ਉਹਨਾਂ ਲਈ ਮੈਂ ਇੱਕ ਹੋਮ ਬਲੀ ਚੜਾਵਾਂਗਾ ਅਤੇ ਉਹਨਾਂ ਦੀਆਂ ਗਲਤੀਆਂ ਦਾ ਇਕਰਾਰ ਕਰਾਂਗਾ'" ।

60 ਹੇ ਪਰਮੇਸ਼ੁਰ! ਜਦ ਕੋਈ ਆਦਮੀ ਉਹਦੀ ਪਾਲਣਾ ਕਰਦਾ ਹੈ ਜੋ ਪਰਮੇਸ਼ੁਰ ਨੇ ਆਖਿਆ ਹੈ ਕਿ ਕਰੋ, ਉਸ ਨੂੰ ਯਕੀਨ ਹੈ ਕਿ ਉਹ ਪਰਮੇਸ਼ੁਰ ਹੈ, ਤਾਂ ਉਸ ਨੂੰ ਜਵਾਬ ਦੇਣਾ ਹੀ ਪੈਣਾ ਹੈ । ਹਰ ਵਾਰ ਵਿਸ਼ਵਾਸ ਹੀ ਉਸ ਨੂੰ ਦ੍ਰਿਸ਼ ਤੇ ਲੈ ਕੇ ਆਉਂਦਾ ਹੈ ।

61 ਜਦ ਤੁਸੀਂ ਉਹ ਕਰ ਲਿਆ ਜੋ ਤੁਸੀਂ ਜਾਣਦੇ ਹੋ ਕਿ ਠੀਕ ਹੈ, ਜਦ ਤੁਸੀਂ ਉਸ ਦੀਆਂ ਮੰਗਾ ਨੂੰ ਪੂਰਾ ਕਰ ਲੈਂਦੇ ਹੋ, ਜਦੋਂ ਤੁਸੀਂ ਇਕਰਾਰ ਕਰ ਲਿਆ ਤੇ ਸਭ ਠੀਕ ਕਰ ਲਿਆ ਅਤੇ ਮੇਲ ਮਿਲਾਪ ਕਰ ਲਿਆ ਹੈ ਅਤੇ ਇਸ ਨੂੰ ਪਰਮੇਸ਼ੁਰ ਦੇ ਸਨਮੁੱਖ ਰਖ ਦਿਤਾ ਹੈ । ਮੈਂ ਇਹ ਪਰਵਾਹ ਨਹੀਂ ਕਰਦਾ ਕਿ ਉਹ ਕਿੰਨਾ ਚੁੱਪ ਹੈ, ਉਹ ਅਜੇ ਵੀ ਪਰਮੇਸ਼ੁਰ ਹੈ, ਉਹ ਵਿਸ਼ਵਾਸ ਨੂੰ ਉਥੇ ਰੱਖਣ ਦੇ ਲਈ ਉਡੀਕ ਰਿਹਾ ਹੈ । ਤੁਸੀਂ ਆਪਣੇ ਕੰਮ ਕਰ ਲਏ ਹਨ, ਹੁਣ ਉਹ ਤੁਹਾਡੇ ਵਿਸ਼ਵਾਸ ਨੂੰ ਤੁਹਾਡੇ ਕੰਮਾਂ ਦੁਆਰਾ ਵੇਖਣਾ ਚਾਹੁੰਦਾ ਹੈ । ਉਹ ਵੇਖਣਾ ਚਾਹੁੰਦਾ ਹੈ ਕਿ ਤੁਸੀਂ ਕੀ ਕਰੋਗੇ ।

62 ਜੇ ਤੁਹਾਨੂੰ ਮਸ਼ਹ ਕਰਕੇ ਪ੍ਰਾਰਥਨਾ ਕੀਤੀ ਗਈ ਹੈ, ਤਾਂ ਪਰਮੇਸ਼ੁਰ ਵੇਖਣਾ ਚਾਹੁੰਦਾ ਹੈ ਕਿ ਇਹਦੇ ਬਾਰੇ ਵਿੱਚ ਤੁਸੀਂ ਕੀ ਵਿਸ਼ਵਾਸ ਕਰੋਗੇ। ਇਹ ਨਹੀਂ ਕਿ ਅਗਲੇ ਐਤਵਾਰ ਨੂੰ ਭੱਜ ਕੇ ਜਾਓ ਅਤੇ ਅਗਲੇ ਦਿਨ ਭੱਜ ਕੇ ਜਾਓ ਤੇ ਜਦੋਂ ਅਗਲਾ ਚੰਗਾਈ ਦੀ ਪ੍ਰਾਰਥਨਾ ਕਰਨ ਵਾਲਾ ਸ਼ਹਿਰ ਵਿੱਚ ਆਵੇ। ਉਹ ਤਾਂ ਤੁਹਾਡੇ ਵਿਸ਼ਵਾਸ ਦੀ ਪ੍ਰਤਿਕ੍ਰਿਆ ਨੂੰ ਵੇਖਣ ਦੀ ਉਡੀਕ ਕਰ ਰਿਹਾ ਹੈ। ਇਹ ਨਹੀਂ ਕਿ ਅੱਗਲੇ ਐਤਵਾਰ ਪਿਛਾਂਹ ਮੁੜ੍ਹ ਜਾਓ ਅਤੇ ਕਹੋ, “ਮੈਨੂੰ ਬਹੁਤ ਬੁਰਾ ਮਹਿਸੂਸ ਹੋ ਰਿਹਾ ਹੈ, ਮੇਰਾ ਅੰਦਾਜਾ ਹੈ ਕਿ ਮੈਂ ਚੰਗਾਈ ਨਹੀਂ ਪਾਈ ਹੈ”। ਪਹਿਲੀ ਗੱਲ ਤੁਸੀਂ ਪ੍ਰਾਰਥਨਾ ਪੰਗਤੀ ਦੇ ਯੋਗ ਹੀ ਨਹੀਂ। ਤੁਸੀਂ ਨਹੀਂ ਹੋ। ਤੁਸੀਂ ਨਹੀਂ ਹੋ। ਤੁਸੀਂ ਅਜੇ ਤਿਆਰ ਨਹੀਂ ਹੋ। ਤੁਸੀਂ ਵਿਸ਼ਵਾਸ ਨਹੀਂ ਕਰਦੇ ਕਿ ਉਹ ਪਰਮੇਸ਼ੁਰ ਹੈ। ਮੈਂ ਨਹੀਂ...

63 ਤੁਸੀਂ ਆਖ ਸਕਦੇ ਹੋ, “ਭਾਈ ਬ੍ਰਾਨਹਾਮ, ਮੈਂ ਤੁਹਾਡੇ ਨਾਲ ਸਹਿਮਤ ਨਹੀਂ ਹਾਂ”। ਤੁਹਾਡੇ ਆਪਣੇ ਹੀ ਕੰਮ ਦੱਸਦੇ ਹਨ ਕਿ ਤੁਸੀਂ ਕੌਣ ਹੋ। “ਤੁਸੀਂ ਉਹਨਾਂ ਦੇ ਫਲਾਂ ਤੋਂ ਉਹਨਾਂ ਨੂੰ ਪਛਾਣੋਗੇ”। ਜੇ ਕੋਈ ਆਦਮੀ ਇਹ ਆਖੇ ਕਿ ਉਹ ਇੱਕ ਮਸੀਹ ਹੈ ਅਤੇ ਉਹ ਅਜੇ ਵੀ ਸ਼ਰਾਬ ਪੀਂਦਾ ਹੈ, ਸਿਗਰਟਾਂ ਪੀਂਦਾ ਅਤੇ ਜੂਆ ਖੇਡਦਾ ਹੈ ਅਤੇ ਗੰਦੇ ਚੁਟਕਲੇ ਦੱਸਦਾ ਹੈ ਅਤੇ ਕਹਿੰਦਾ ਹੈ, “ਬਾਈਬਲ ਦਾ ਕੁਝ ਹਿੱਸਾ ਠੀਕ ਅਤੇ ਅਤੇ ਕੁਝ ਹਿੱਸਾ ਠੀਕ ਨਹੀਂ ਹੈ” ਉਹ ਸੁਸਮਾਚਾਰ ਦਾ ਪਰਚਾਰ ਕਰ ਸਕਦਾ ਹੈ ਅਤੇ ਬਾਈਬਲ ਦੇ ਕੁਝ ਹਿੱਸੇ ਦਾ ਇਨਕਾਰ ਕਰਦਾ ਹੈ, ਤਾਂ ਉਹ ਅਜੇ ਵੀ ਪਾਪੀ ਹੈ। ਉਹ ਅਜੇ ਵੀ ਠੀਕ ਨਹੀਂ ਹੈ।

64 ਪਰ ਜਦੋਂ ਤੁਸੀਂ ਸ਼ਰੇਆਮ ਇਸ ਗੱਲ ਦਾ ਇਕਰਾਰ ਕਰਦੇ ਹੋ ਕਿ ਪਰਮੇਸ਼ੁਰ ਉਹੋ ਹੀ ਪਰਮੇਸ਼ੁਰ ਹੈ ਅਤੇ ਤੁਹਾਡੀ ਜਿੰਦਗੀ ਉਹਦੇ ਹੱਥਾਂ ਵਿੱਚ ਹੈ, ਇਹ ਆਖਣ ਲਈ, “ਪ੍ਰਭੂ, ਮੈਂ ਮਿੱਟੀ ਹਾਂ; ਤੂੰ ਘੁਮਿਆਰ ਹੈਂ” ਤੱਦ ਤੁਸੀਂ ਜੋ ਵੀ ਚਾਹੋ ਮੰਗੋ। ਵਿਸ਼ਵਾਸ ਕਦੇ ਵੀ ਨਹੀਂ ਥਿੜਕੇਗਾ। ਇਹ ਠੀਕ ਉਥੇ ਹੀ ਖੜਾ ਰਹੇਗਾ।

65 ਭਾਵੇਂ ਤੁਹਾਡੇ ਹਾਲਾਤ ਸੱਜੇ ਅਤੇ ਖੱਬਿਓਂ ਡਿੱਗਦੇ ਜਾਪਦੇ ਹੋਣ, ਪਰ ਉਹ ਵਿਸ਼ਵਾਸ ਕਦੇ ਨਹੀਂ ਥਿੜਕੇਗਾ ਕਿਓਂਕਿ ਤੁਹਾਨੂੰ ਪੂਰਾ ਯਕੀਨ ਹੈ ਕਿ ਪਰਮੇਸ਼ੁਰ ਹੈ। ਅਤੇ ਜੇ ਉਹ ਪਰਮੇਸ਼ੁਰ ਹੈ ਤਾਂ ਉਹ ਆਪਣੇ ਵਾਅਦੇ ਨੂੰ ਪੂਰਾ ਕਰੇਗਾ। ਉਹ ਕਦੇ ਵੀ ਵਾਅਦਾ ਕਰਕੇ ਤੋੜਦਾ ਨਹੀਂ। ਜੇ ਉਹ ਪਰਮੇਸ਼ੁਰ ਹੈ ਤਾਂ ਉਹਨੂੰ ਆਪਣਾ ਵਾਅਦਾ ਪੂਰਾ ਕਰਨਾ ਹੀ ਪਵੇਗਾ। ਔਹ, ਮੈਂ ਇਹ ਪਸੰਦ ਕਰਦਾ ਹਾਂ। ਉਹਨੂੰ ਇਹਦੇ ਨਾਲ ਹੀ ਰਹਿਣਾ ਹੈ।

66 ਅਯੂਬ ਨੇ ਆਪਣੀਆਂ ਭੇਟਾਂ ਚੜ੍ਹਾਈਆਂ ਸਨ; ਉਸਨੇ ਸਭ ਕੁਝ ਕੀਤਾ। ਉਹ ਜਾਣਦਾ ਸੀ ਕਿ ਉਹ ਠੀਕ ਸੀ। ਪਰ ਉਥੇ ਉਸਦੇ ਗਿਰਜੇ ਦੇ ਮੈਂਬਰ ਆਏ, ਅਤੇ ਹੋਰ ਦੂਜੀਆਂ ਮਿਸ਼ਨਾਂ ਵਾਲਿਆਂ ਨੇ ਆ ਕੇ ਆਖਿਆ, “ਅਯੂਬ, ਤੂੰ ਮਨ ਲੈ ਕਿ ਤੂੰ ਪਾਪੀ ਹੈਂ ਕਿਓਂਕਿ ਜੇਕਰ ਤੂੰ ਪਾਪੀ ਨਾ ਹੁੰਦਾ ਤਾਂ ਪਰਮੇਸ਼ੁਰ ਤੈਨੂੰ ਇਸ ਤਰ੍ਹਾਂ ਸਜਾ ਨਾ ਦਿੰਦਾ”।

67 ਪਰ ਅਯੂਬ ਨੇ ਆਖਿਆ, “ਮੈਂ ਆਪਣਾ ਇਕਰਾਰ ਕਰ ਲਿਆ ਹੈ। ਮੈਂ ਪਰਮੇਸ਼ੁਰ ਦੇ ਅੱਗੇ ਹੋਮ ਬਲੀ ਚੜ੍ਹਾ ਦਿਤੀ ਹੈ ਅਤੇ ਮੈਂ ਪਾਪੀ ਨਹੀਂ ਹਾਂ”। ਉਹ ਜਾਣਦਾ ਸੀ ਕਿ ਉਹ ਕਿਥੇ ਖੜਾ ਹੈ। ਫੇਰ ਸਭ ਕੁਝ ਚਲਦਾ ਰਿਹਾ ਅਤੇ ਲਗਾਤਾਰ ਇਸ ਤਰ੍ਹਾਂ ਚਲਦਾ ਰਿਹਾ ਅਤੇ ਉਹ ਅਯੂਬ ਨੂੰ ਥੱਲੇ ਲਾਉਣ ਦੀ ਜਿੰਨੀ ਕੋਸ਼ਿਸ ਕਰ ਸਕਦੇ ਸਨ ਕਰਦੇ ਰਹੇ ਅਤੇ ਅਯੂਬ ਨੂੰ ਉਸ ਜਗ੍ਹਾ ਤੇ ਲੈ ਕੇ ਆਉਣ ਤਾਂ ਕਿ ਉਹ ਪਰਮੇਸ਼ੁਰ ਦਾ ਇਨਕਾਰ ਕਰੇ ਅਤੇ ਉਸ ਹੋਮ ਬਲੀ ਦਾ ਵੀ ਇਨਕਾਰ ਕਰੇ। ਜਿਸ ਛਣ ਤੁਸੀਂ ਕੋਈ ਵੀ ਕਾਰਵਾਈ ਉਹਦੇ ਉੱਤੇ ਕਰਦੇ ਹੋ ਜਿਹੜਾ ਤੁਸੀਂ ਇਕਰਾਰ ਕੀਤਾ ਹੈ ਤਾਂ ਇਹ ਤੁਹਾਡੀ ਕਮਜੋਰੀ ਨੂੰ ਵਿਖਾਉਂਦਾ ਹੈ, ਪਰਮੇਸ਼ੁਰ ਦੇ ਬਾਰੇ

ਤੁਹਾਡੇ ਸ਼ੱਕ ਨੂੰ ਵਿਖਾਉਂਦਾ ਹੈ । ਤੁਸੀਂ ਪਰਮੇਸ਼ੁਰ ਕੋਲੋਂ ਕੁਝ ਮੰਗਦੇ ਹੋ ਤੇ ਫੇਰ ਉਹਦੇ ਉੱਤੇ ਸੱਕ ਕਰਦੇ ਹੋ ਤਾਂ ਫੇਰ ਤੁਸੀਂ ਇੱਕ ਸ਼ੱਕੀ ਹੋ ਤੇ ਵਿਸ਼ਵਾਸੀ ਨਹੀਂ ਹੋ ।

68 ਅਯੂਬ ਜਾਣਦਾ ਸੀ ਕਿ ਉਹ ਕਿੱਥੇ ਖੜਾ ਸੀ ਅਤੇ ਉਹ ਉਸ ਨੀਂਹ ਉਥੇ ਤਕੜਾਈ ਨਾਲ ਖਲੋਤਾ ਰਿਹਾ ।

69 ਕੋਈ ਅਚਰਜ ਨਹੀਂ ਕਿ ਕਵੀ ਪੈਰੋਨਟ ਨੇ ਮਰਨ ਦੀ ਘੜੀ ਵਿੱਚ ਇਹ ਆਖਿਆ:

ਮਸੀਹ ਦੇ ਉੱਤੇ ਮੈਂ ਹਾਂ ਖੜਾ ਜੋ ਹੈ ਠੋਸ ਚਟਾਨ;
ਬਾਕੀ ਸਾਰੀ ਧਰਤੀ ਹੈ ਡੋਬਣ ਵਾਲੀ ਰੇਤ ।

70 ਅਯੂਬ ਦੀ ਓਸ ਠੋਸ ਇਕਰਾਰ ਦੀ ਚਟਾਨ ਦੇ ਉੱਤੇ ਉਹਦੀ ਪਿਆਰੀ ਪਤਨੀ ਵੀ ਉਸ ਨੂੰ ਛੱਡ ਗਈ । ਜਦੋਂ ਉਸਦੀ ਸਿਹਤ ਮਾੜੀ ਹੋ ਗਈ ਅਤੇ ਉਸਦੇ ਸਾਰੇ ਸਰੀਰ ਉੱਤੇ ਫੋੜੇ ਨਿਕਲ ਆਏ ਸਨ ਅਤੇ ਉਸਨੇ ਆਪਣੇ ਆਪ ਨੂੰ ਖੁਰਚਿਆ ਤੇ ਆਪਣੇ ਜੰਮਣ ਦੇ ਦਿਨ ਨੂੰ ਸ਼ਰਾਪ ਦਿੱਤਾ ।ਉਸਨੇ ਕਿਹਾ, “ਕਾਸ਼ ਸੂਰਜ ਵੀ ਨਾ ਚਮਕੇ! ਤੇ ਚੰਦਰਮਾ ਵੀ ਰਾਤ ਨੂੰ ਰੋਸ਼ਨੀ ਨਾ ਦਵੇ” ।

ਉਸਦੀ ਪਤਨੀ ਨੇ ਕਿਹਾ, “ਅਯੂਬ, ਤੂੰ ਮੰਦ ਭਾਗਾ ਹੈਂ । ਤੂੰ ਪਰਮੇਸ਼ੁਰ ਨੂੰ ਸ਼ਰਾਪ ਦੇ ਕੇ ਮਰ ਕਿਓਂ ਨਹੀਂ ਜਾਂਦਾ?”

71 ਉਸਨੇ ਕਿਹਾ, “ਤੂੰ ਝਲੀਆਂ ਤੀਵੀਆਂ ਵਾਂਗ ਬੋਲਦੀ ਹੈਂ” । ਉਸਨੂੰ ਪੂਰਾ ਯਕੀਨ ਸੀ ਕਿ ਪਰਮੇਸ਼ੁਰ ਹੈ ਅਤੇ ਉਸਨੇ ਸਾਰੀਆਂ ਮੰਗਾ ਪੂਰੀਆਂ ਕੀਤੀਆਂ ਸਨ । ਔਹ, ਮੈਂ ਧਾਰਮਿਕ ਮਹਿਸੂਸ ਕਰ ਰਿਹਾ ਹਾਂ । ਉਸਨੂੰ ਪਤਾ ਸੀ ਕਿ ਉਸਨੇ ਪਰਮੇਸ਼ੁਰ ਦੀਆਂ ਸਾਰੀਆਂ ਮੰਗਾ ਨੂੰ ਪੂਰਾ ਕੀਤਾ ਸੀ ਅਤੇ ਬੱਸ ਇਹ ਸਾਰਾ ਮਾਮਲਾ ਠਪ ਕਰ ਦਿੰਦਾ ਹੈ । ਪਰਮੇਸ਼ੁਰ ਉਹਦੇ ਵਿਸ਼ਵਾਸ ਨੂੰ ਪਰਖ ਰਿਹਾ ਸੀ । ਉਹ ਤੁਹਾਡੇ ਵਿਸ਼ਵਾਸ ਨੂੰ ਵੀ ਪਰਖੇਗਾ । ਉਹ ਮੇਰੇ ਵਿਸ਼ਵਾਸ ਨੂੰ ਵੀ ਪਰਖੇਗਾ ।

72 ਪਰ ਜਦ ਅਸੀਂ ਉਹਨਾਂ ਦੀਆਂ ਮੰਗਾ ਨੂੰ ਪੂਰਾ ਕਰ ਲਿਆ ਸੀ, “ਤੁਹਾਡੇ ਵਿਚੋਂ ਹਰੇਕ ਤੋਬਾ ਕਰੇ ਅਤੇ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ ਤਾਂ ਤੁਸੀਂ ਪਵਿੱਤਰ ਆਤਮਾ ਦਾ ਦਾਨ ਪਾਓਗੇ,” ਇਹ ਉਸਦਾ ਵਾਅਦਾ ਹੈ । “ਜੇ ਤੁਹਾਡੇ ਵਿਚੋਂ ਕੋਈ ਬੀਮਾਰ ਹੋਵੇ ਤਾਂ ਉਹ ਕਲੀਸਿਯਾ ਦੇ ਬਜੁਰਗਾਂ ਨੂੰ ਸੱਦਾ ਘੱਲੇ । ਅਤੇ ਉਹ ਪ੍ਰਭੂ ਦਾ ਨਾਮ ਲੈ ਕੇ ਉਹ ਨੂੰ ਤੇਲ ਝੱਸਣ ਅਤੇ ਉਹ ਦੇ ਲਈ ਪ੍ਰਾਰਥਨਾ ਕਰਨ । ਪ੍ਰਾਰਥਨਾ ਜਿਹੜੀ ਨਿਹਚਾ ਨਾਲ ਹੋਵੇ ਉਸ ਬੀਮਾਰ ਨੂੰ ਬਚਾਵੇਗੀ ਅਤੇ ਪ੍ਰਭੂ ਉਹ ਨੂੰ ਉਠਾ ਖੜਾ ਕਰੇਗਾ” । ਇਸ ਨਾਲ ਇਸਦਾ ਨਬੇੜਾ ਹੋ ਜਾਂਦਾ ਹੈ । “ਇੱਕ ਦੂਏ ਨਾਲ ਆਪਣੀਆਂ ਗਲਤੀਆਂ ਦਾ ਇਕਰਾਰ ਕਰੋ ਅਤੇ ਇੱਕ ਦੂਜੇ ਲਈ ਪ੍ਰਾਰਥਨਾ ਕਰੋ” । ਤੁਸੀਂ ਪਰਮੇਸ਼ੁਰ ਦੀਆਂ ਮੰਗਾ ਪੂਰੀਆਂ ਕਰ ਲਈਆਂ ਹਨ ।

73 “ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ । ਮੇਰੇ ਨਾਮ ਲੈ ਕੇ ਉਹ ਭੂਤਾਂ ਨੂੰ ਕਢਣਗੇ; ਉਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ; ਜੇ ਉਹ ਸਪਾਂ ਨੂੰ ਚੁੱਕ ਲੈਣਗੇ ਜਾਂ ਜਹਿਰੀਲੀ ਚੀਜ ਨੂੰ ਪੀ ਲੈਣਗੇ ਤਾਂ ਉਹਨਾਂ ਦਾ ਕੁਝ ਨਹੀਂ ਵਿਚਲੇਗਾ; ਜੇ ਉਹ ਆਪਣੇ ਹੱਥ ਬਿਮਾਰਾਂ ਉੱਤੇ ਰਖਣਗੇ ਤਾਂ ਉਹ ਚੰਗੇ ਹੋ ਜਾਣਗੇ” । ਇਸ ਨਾਲ ਸਭ ਠੀਕ ਹੋ ਜਾਂਦਾ ਹੈ ।

74 ਪਰਮੇਸ਼ੁਰ ਨੂੰ ਪੱਕ ਜਾਣ ਲਓ । ਪੱਕ ਜਾਣ ਲਓ ਕਿ ਤੁਹਾਡੇ ਦਿਲ ਵਿੱਚ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਇਹ ਪਰਮੇਸ਼ੁਰ ਦਾ ਵਚਨ ਹੈ । ਅਯੂਬ ਨੂੰ ਯਕੀਨ ਸੀ ।

ਉਸਦੀ ਪਤਨੀ ਨੇ ਕਿਹਾ, "ਤੂੰ ਉਸ ਨੂੰ ਸ਼ਰਾਪ ਦੇ ਕੇ ਮਰ ਕਿਓਂ ਨਹੀਂ ਜਾਂਦਾ? ਕਿਓਂ ਤੇਰੀ ਹਾਲਤ ਹਰ ਵੇਲੇ ਮਾੜੀ ਹੁੰਦੀ ਜਾਂਦੀ ਹੈ" ।

75 ਸ਼ਤਾਨ ਇਹ ਗੱਲ ਤੁਹਾਡੇ ਉੱਤੇ ਪਾਉਣਾ ਕਿੰਨਾ ਪਸੰਦ ਕਰਦਾ ਹੈ । "ਕਿਓਂ, ਜਦੋਂ ਤੁਹਾਨੂੰ ਮਸ਼ਹ ਕੀਤਾ ਗਿਆ ਉਦੋਂ ਤੋਂ ਤੁਹਾਡੀ ਹਾਲਤ ਬਿਹਤਰ ਕਿਓਂ ਨਹੀਂ ਹੈ । ਜੱਦ ਤੋਂ ਉਨ੍ਹਾਂ ਪ੍ਰਚਾਰਕਾਂ ਨੇ ਤੁਹਾਡੇ ਉੱਤੇ ਪ੍ਰਾਰਥਨਾ ਕੀਤੀ ਤੱਦ ਤੋਂ ਤੁਹਾਡੀ ਹਾਲਤ ਬਿਹਤਰ ਕਿਓਂ ਨਹੀਂ ਹੈ । ਪਹਿਲੀ ਗਲ ਤਾਂ ਇਹ ਕਿ ਉਹ ਪ੍ਰਚਾਰਕ ਹੀ ਠੀਕ ਨਹੀਂ ਹਨ" । ਉਸ ਪ੍ਰਚਾਰਕ ਨਾਲ ਕੋਈ ਫਰਕ ਨਹੀਂ ਪੈਂਦਾ । ਇਹ ਤਾਂ ਤੁਹਾਡਾ ਵਿਸ਼ਵਾਸ ਹੈ ਜੋ ਤੁਸੀਂ ਜਿਉਂਦੇ ਪਰਮੇਸ਼ੁਰ ਵਿੱਚ ਰੱਖਦੇ ਹੋ । ਪ੍ਰਚਾਰਕ ਕੀ ਹੈ ਇਸ ਨਾਲ ਕੁਝ ਵਾਸਤਾ ਨਹੀਂ; ਵਾਸਤਾ ਇਸ ਨਾਲ ਹੈ ਕਿ ਪਰਮੇਸ਼ੁਰ ਕੀ ਹੈ । ਪ੍ਰਚਾਰਕ ਨੇ ਕਦੇ ਵੀ ਵਾਅਦਾ ਨਹੀਂ ਕੀਤਾ; ਇਹ ਪਰਮੇਸ਼ੁਰ ਸੀ ਜਿਸ ਨੇ ਵਾਅਦਾ ਕੀਤਾ । ਇਹ ਪ੍ਰਚਾਰਕ ਤੇ ਨਿਰਭਰ ਨਹੀਂ ਸਗੋਂ ਪਰਮੇਸ਼ੁਰ ਦੇ ਨਿਰਭਰ ਕਰਦਾ ਹੈ । ਅਤੇ ਤੁਹਾਡੇ ਵਿਸ਼ਵਾਸ ਉੱਤੇ ਨਿਰਭਰ ਹੈ ਕਿ ਉਹ ਮੰਨੇ ਕਿ ਉਹ ਪਰਮੇਸ਼ੁਰ ਹੈ । ਇਸ ਲਈ ਪਰਮੇਸ਼ੁਰ ਨੂੰ ਪੱਕ ਜਾਣ ਲਓ । ਯਕੀਨ ਰੱਖੋ ਕਿ ਇਹ ਪਰਮੇਸ਼ੁਰ ਹੈ ਅਤੇ ਇਹ ਪਰਮੇਸ਼ੁਰ ਦਾ ਵਚਨ ਹੈ । ਅਤੇ ਪਰਮੇਸ਼ੁਰ ਆਪਣੇ ਵਚਨ ਵਿੱਚ ਹੈ ।

76 ਅਯੂਬ ਨੇ ਕਿਹਾ, "ਤੂੰ ਝੱਲੀਆਂ ਤੀਵੀਆਂ ਦੇ ਵਾਂਗ ਬੋਲਦੀ ਹੈਂ" । ਉਸਨੇ ਕਿਹਾ, "ਪਰਮੇਸ਼ੁਰ ਨੇ ਦਿੱਤਾ ਅਤੇ ਪਰਮੇਸ਼ੁਰ ਨੇ ਲੈ ਲਿਆ; ਉਹਦਾ ਨਾਮ ਮੁਬਾਰਕ ਹੋਵੇ" । ਉਸਨੂੰ ਪੱਕਾ ਯਕੀਨ ਸੀ ਕਿ ਪਰਮੇਸ਼ੁਰ ਹੈ ।

77 ਅਤੇ ਜਦੋਂ ਇਹ ਗੱਲ ਉਹਨੇ ਆਪਣੇ ਮੂੰਹ ਵਿਚੋਂ ਬਾਹਰ ਕਢੀ ਤਾਂ ਗਰਜਾਂ ਹੋਣ ਲਗੀਆਂ ਅਤੇ ਬਿਜਲੀਆਂ ਲਿਸ਼ਕਣ ਲਗੀਆਂ । ਪਰਮੇਸ਼ੁਰ ਦ੍ਰਿਸ਼ ਉੱਤੇ ਆ ਗਿਆ । ਇਹ ਹਮੇਸ਼ਾ ਉਸ ਨੂੰ ਦ੍ਰਿਸ਼ ਤੇ ਲੈ ਕੇ ਆਉਂਦਾ ਹੈ । ਉਹ ਲਮੇਂ ਸਮੇਂ ਤੋਂ ਚੁੱਪ ਬੈਠਾ ਸੀ ।

78 ਏਹੋ ਕੁਝ ਹੀ ਉਹ ਕਰ ਰਿਹਾ ਹੈ । ਇਹਨਾਂ ਨਰਕ ਨਾਲ ਬਨ੍ਹੇ ਹੋਏ ਗਿਰਜੇ ਜਾਣ ਵਾਲੇ ਕਪਟੀ ਅਮਰੀਕੀਆਂ ਦੇ ਟੋਲੇ ਨੂੰ ਵੇਖੋ । ਮੈਂ ਗੁੱਸੇ ਵਿੱਚ ਨਹੀਂ ਹਾਂ । ਪਰ ਪਾਪ ਹਰੇਕ ਨੂੰ ਕ੍ਰੋਧਿਤ ਕਰ ਦਿੰਦਾ ਹੈ ਜੋ ਪਰਮੇਸ਼ੁਰ ਦੇ ਨਾਲ ਠੀਕ ਹੈ । ਮੈਂ ਦੇਸ਼ ਦੇ ਨਾਲ ਕ੍ਰੋਧਿਤ ਨਹੀਂ ਹਾਂ, ਲੋਕਾਂ ਦੇ ਨਾਲ ਕ੍ਰੋਧਿਤ ਨਹੀਂ ਹਾਂ ਪਰ ਮੈਂ ਸ਼ਤਾਨ ਦੇ ਉੱਤੇ ਕ੍ਰੋਧਿਤ ਹਾਂ ਜਿਹਨੇ ਲੋਕਾਂ ਨੂੰ ਅਨ੍ਹੇ ਕਰਨ ਦੇ ਲਈ ਇਹ ਗਲਾਂ ਕੀਤੀਆਂ ਹਨ ।

79 ਇਹ ਅੰਨੇ ਪ੍ਰਚਾਰਕ ਅਤੇ ਪਾਸਟਰ ਉਹਨਾਂ ਨੂੰ ਕਿਸੇ ਕਿਸ਼ਮ ਦੀ ਮਨੁੱਖ ਦੀ ਘੜੀ ਹੋਈ ਸਿਖਿਆ ਦੇ ਨਾਲ ਚੱਲਣ ਦਿੰਦੇ ਹਨ । ਤੁਹਾਨੂੰ ਨਵੇਂ ਸਿਰਿਓਂ ਜਨਮ ਲੈਣਾ ਹੀ ਹੈ । ਅਤੇ ਪਰਮੇਸ਼ੁਰ ਆਪਣੇ ਵਚਨ ਨੂੰ ਪੂਰਾ ਕਰਦਾ ਹੈ । ਉਹ ਉਸਨੂੰ ਵੇਖ ਰਹੇ ਹਨ ਜਦ ਕਿ ਉਹ ਉਨ੍ਹਾ ਨੂੰ ਲੋਰੀ ਸੁਣਾ ਕੇ ਸੁੰਨ ਕਰ ਰਿਹਾ ਹੈ । ਬਿਹਤਰ ਹੋਵੇਗਾ ਕਿ ਇਹ ਪੱਕ ਜਾਣ ਲਓ ਕਿ ਪਰਮੇਸ਼ੁਰ ਹੈ । "ਭਗਤੀ ਦਾ ਰੂਪ ਧਾਰ ਕੇ ਸ਼ਕਤੀ ਦੇ ਇਨਕਾਰੀ ਹੋਣਗੇ" ।

80 ਇਹ ਗਰੀਬ ਔਰਤ ਜਾਣਦੀ ਸੀ ਕਿ ਉਹ ਪਰਮੇਸ਼ੁਰ ਹੈ । ਜਿਵੇਂ ਜਿਵੇਂ ਭਾਂਡੇ ਵਿਚੋਂ ਆਟਾ ਹੇਠਾਂ, ਹੇਠਾਂ, ਹੇਠਾਂ, ਹੇਠਾਂ ਜਾਂਦਾ ਗਿਆ, ਹਾਲਾਤ ਹਰ ਸਮੇਂ ਖਰਾਬ ਤੋਂ ਖਰਾਬ ਹੁੰਦੇ ਜਾ ਰਹੇ ਸਨ । ਪਰ ਪਰਮੇਸ਼ੁਰ ਇਸ ਤਰ੍ਹਾਂ ਹੋਣ ਦੇ ਰਿਹਾ ਸੀ । ਉਹ ਬੱਸ ਇਸ ਤਰ੍ਹਾਂ ਕਰਨਾ ਪਸੰਦ ਕਰਦਾ ਹੈ । ਉਹ ਤੁਹਾਡੇ ਵਿਸ਼ਵਾਸ ਨੂੰ ਇੱਕ ਪਰਖ ਵਿੱਚ ਰਖਣਾ ਚਾਹੁੰਦਾ ਹੈ ਤਾਂ ਕਿ ਉਹ ਵੇਖ ਸਕੇ ਕਿ ਤੁਸੀਂ ਇਸ ਤੇ ਕੀ ਕਾਰਵਾਈ ਕਰਦੇ ਹੋ, ਤੁਹਾਡੇ ਉੱਤੇ ਮਸ਼ਹ ਕਰਕੇ ਪ੍ਰਾਰਥਨਾ ਹੋਣ ਦਿੰਦਾ ਹੈ ਤੇ ਫੇਰ ਤੁਹਾਡੀ ਹਾਲਤ ਹੋਰ ਵੀ ਖਰਾਬ ਕਰ ਦਿੰਦਾ ਹੈ । ਕਹਿੰਦਾ ਹੈ, "ਸ਼ਤਾਨ,

ਆ, ਇਸ ਨੂੰ ਪਰਖ । ਮੈਂ ਜਾਣਦਾ ਹਾਂ ਕਿ ਉਹ ਮੇਰੇ ਤੇ ਵਿਸ਼ਵਾਸ ਕਰਦਾ ਹੈ" । ਪਰਮੇਸ਼ੁਰ ਨੂੰ ਜੁਗੋ ਜੁੱਗ ਮੁਬਾਰਕ ਆਖੋ! ਔਹ, ਮੇਰੇ! [ਭਾਈ ਬ੍ਰਾਨਹਾਮ ਦੋ ਵਾਰ ਤਾੜੀ ਵਜਾਉਂਦੇ ਹਨ—ਸੰਪਾਦਕ] "ਹੁਣ ਉਹਦੀ ਪਰਖ ਕਰ । ਮੈਂ ਜਾਣਦਾ ਹਾਂ ਕਿ ਉਸਨੇ ਇਸਦੇ ਲਈ ਮੇਰੇ ਵਚਨ ਨੂੰ ਲਿਆ ਹੈ" । ਕੀ ਉਹ ਤੁਹਾਡੇ ਬਾਰੇ ਇਹ ਕਹਿ ਸਕਦਾ ਹੈ?

81 ਉਸਨੇ ਇਹ ਅਯੂਬ ਬਾਰੇ ਕਿਹਾ ਸੀ । ਉਸਨੇ ਕਿਹਾ, "ਤੂੰ ਜੋ ਚਾਹੇਂ ਉਸ ਨੂੰ ਕਰ ਸਕਦਾ ਹੈਂ ਪਰ ਤੂੰ ਉਹਦੇ ਪ੍ਰਾਣ ਨਾ ਲਵੀਂ ਕਿਓਂ ਕਿ ਮੈਂ ਜਾਣਦਾ ਹਾਂ ਕਿ ਉਹ ਮੈਨੂੰ ਪ੍ਰੇਮ ਕਰਦਾ ਹੈ । ਉਸਨੇ ਹੋਮ ਦੀ ਬਲੀ ਚੜਾਈ ਹੈ । ਉਸਨੇ ਸਭ ਮੰਗਾ ਪੂਰੀਆਂ ਕੀਤੀਆਂ ਹਨ । ਮੈਂ ਜੋ ਵੀ ਉਹ ਨੂੰ ਕਰਨ ਦੇ ਲਈ ਕਿਹਾ ਸੀ ਉਸਨੇ ਕੀਤਾ ਅਤੇ ਉਹ ਇਸ ਤੇ ਵਿਸ਼ਵਾਸ ਕਰਦਾ ਹੈ । ਹੁਣ ਜੇ ਤੂੰ ਚਾਹੇਂ ਤਾਂ ਉਸ ਨੂੰ ਕੋਲਿਆਂ ਉੱਤੇ ਰੇੜ੍ਹ ਦੇ" । ਸ਼ਤਾਨ ਨੇ ਉਹ ਦੇ ਕੋਲੋਂ ਸਭ ਕੁਝ ਲੈ ਲਿਆ । ਜਦ ਪਰਮੇਸ਼ੁਰ ਨੇ ਉਸ ਨੂੰ ਮੋੜਿਆ ਤਾਂ ਦੋ ਗੁਣਾ ਕਰ ਦਿਤਾ । ਯਕੀਨਨ, ਉਹ ਕਰੇਗਾ ।

82 ਉਹ ਸਾਡੇ ਵਿਸ਼ਵਾਸ ਦੀ ਪਰਖ ਕਰਦਾ ਹੈ ਤਾਂ ਜੋ ਵੇਖੇ ਕਿ ਅਸੀਂ ਸਚਮੁਚ ਵਿਸ਼ਵਾਸ ਕਰਦੇ ਹਾਂ ਕਿ ਉਹ ਪਰਮੇਸ਼ੁਰ ਹੈ ।

83 ਕੋਈ ਸ਼ੱਕ ਨਹੀਂ ਕਿ ਉਸ ਗਰੀਬ ਔਰਤ ਨੇ ਇਹ ਕਿਹਾ, "ਮੈਂ ਪ੍ਰਾਰਥਨਾ ਕੀਤੀ ਹੈ । ਮੈਂ ਪ੍ਰਾਰਥਨਾ ਕੀਤੀ ਹੈ । ਮੈਂ ਜਾਣਦੀ ਹਾਂ ਕਿ ਮੈਂ ਅਯੋਗ ਪਰਾਈ ਜਾਤੀਆਂ ਵਿਚੋਂ ਹਾਂ" ।

84 ਯਾਦ ਰਹੇ, ਯਿਸੂ ਨੇ ਬਾਈਬਲ ਵਿੱਚ ਉਹਦੇ ਬਾਰੇ ਬੋਲਿਆ ਸੀ । ਉਸਨੇ ਕਿਹਾ, "ਕੀ ਏਲੀਯਾਹ ਦੇ ਦਿਨੀ ਹੋਰ ਵੀ ਬਹੁਤ ਸਾਰੀਆਂ ਵਿੱਧਵਾ ਨਹੀਂ ਸਨ? ਪਰ ਉਹ ਤਾਂ ਇੱਕ ਦੇ ਕੋਲ ਹੀ ਭੇਜਿਆ ਗਿਆ ਸੀ ਅਤੇ ਉਹ ਪਰਾਈਆਂ ਜਾਤੀਆਂ ਦੇ ਵਿਚੋਂ ਸੀ" ।

85 "ਔਹ", ਉਸਨੇ ਕਿਹਾ, "ਮੈਂ ਪ੍ਰਾਰਥਨਾ ਕੀਤੀ ਹੈ" । ਹੋ ਸਕਦਾ ਹੈ ਕਿ ਜਦ ਉਹਨੇ ਉਹ ਆਖਰੀ ਰੋਟੀ ਵੇਖੀ ਅਤੇ ਮੌਤ ਤਾਂ ਬਾਹਰਲੇ ਫਾਟਕ ਥਾਣੀ ਪ੍ਰਵੇਸ਼ ਕਰਕੇ ਬੂਹੇ ਦੇ ਵਿੱਚ ਆਣ ਖਲੋਤੀ ਸੀ ।ਬਸ ਇੱਕ ਹੋਰ ਚੱਪਾ ਰੋਟੀ ਦਾ ਬਚਿਆ ਸੀ ਤੇ ਉਹਨੂੰ ਖਾ ਕੇ ਉਹ ਤੇ ਉਸ ਦਾ ਪੁੱਤ੍ਰ ਮਰ ਜਾਣਗੇ । ਮੈਂ ਉਸ ਨੂੰ ਸਾਰੀ ਰਾਤ ਪ੍ਰਾਰਥਨਾ ਕਰਦੇ ਹੋਏ ਵੇਖ ਸਕਦਾ ਹਾਂ ਤੇ ਗਰਮ ਹਵਾਂਵਾਂ ਚਲ ਰਹੀਆਂ ਸਨ ਅਤੇ ਧਰਤੀ ਪਪੜੀ ਬਣ ਗਈ ਸੀ ਅਤੇ ਲੋਕ ਗਲੀਆਂ ਵਿੱਚ ਦੁਹਾਈ ਦੇ ਰਹੇ ਸਨ ਅਤੇ ਚੀਕਾਂ ਮਾਰਦੇ ਸਨ । ਉਹ ਘਰ ਵਿੱਚ ਇਧਰ ਉਧਰ ਜਾ ਰਹੀ ਸੀ । ਉਸਨੇ ਆਪਣੇ ਛੋਟੇ ਮੁੰਡੇ ਵਲ੍ਹ ਵੇਖਿਆ । ਉਹਦੇ ਛੋਟੇ ਪਜਾਮੇ ਵਲ੍ਹ ਵੇਖਿਆ ਜੋ ਸਾਰਾ ਫਟਿਆ ਹੋਇਆ ਸੀ ਅਤੇ ਉਸਦੇ ਪੈਰ ਉਸ ਵਿਚੋਂ ਬਾਹਰ ਦਿੱਸ ਰਹੇ ਸਨ । ਉਸਨੇ ਆਪਣੇ ਹੱਥਾਂ ਵਲ ਵੇਖਿਆ ਜਿਨਾ ਤੇ ਝੁਰੀਆਂ ਪੈ ਗਈਆਂ ਸਨ । ਉਹ ਏਧਰ ਉਧਰ ਫਿਰ ਰਹੀ ਸੀ ਪਰ ਉਸਨੇ ਕਿਹਾ, "ਮੈਂ ਜਾਣਦੀ ਹਾਂ ਕਿ ਉਹ ਪਰਮੇਸ਼ੁਰ ਹੈ । ਮੈਂ ਆਪਣਾ ਸਭ ਇਕਰਾਰ ਕਰ ਲਿਆ ਹੈ । ਮੈਂ ਉਹ ਸਭ ਕਰ ਲਿਆ ਹੈ ਉਸ ਨੂੰ ਚਾਹੀਦਾ ਸੀ । ਮੈਂ ਉਸਦੀ ਵਡਿਆਈ ਦੇ ਲਈ ਆਪਣੀਆਂ ਜਿੰਦਗੀਆਂ ਦੀ ਖੈਰ ਮੰਗਦੀ ਹਾਂ" । ਪਰਮੇਸ਼ੁਰ ਨੇ ਉਸ ਨੂੰ ਵੇਖ ਲਿਆ ।

86 ਬਾਕੀ ਦੀਆਂ ਸਭ ਤਾਂ ਬਾਹਰ ਜਾ ਕੇ ਕੀਤੇ ਇੱਕ ਵੱਡਾ ਨਾਚ ਰੰਗ ਕਰ ਰਹੀਆਂ ਸਨ, ਆਪਣੇ ਆਪ ਨੂੰ ਸੁੰਦਰ ਬਣਾ ਰਹੀਆਂ ਸਨ ਜਾਂ ਆਧੁਨਿਕ ਟੈਲੀਵਿਜ਼ਨ ਦਾ ਨਜਾਰਾ ਵੇਖ ਰਹੀਆਂ ਸਨ ਤੇ ਸੰਸਾਰ ਦੇ ਨਾਲ ਚਲ ਰਹੀਆਂ ਸਨ । ਪਰ ਉਹ ਔਰਤ ਇੱਕਲੀ ਪਰਮੇਸ਼ੁਰ ਦੇ ਨਾਲ ਸੀ ।

87 ਦਿਨ ਨਿਕਲ ਆਇਆ ਅਥਵਾ ਪੌਹ ਫੁੱਟ ਪਈ । ਉਸਨੇ ਕਿਹਾ, "ਇਹ ਛੋਟਾ ਬਚਾ ਸਾਰੀ ਰਾਤ ਕੁਝ ਖਾਣ ਦੇ ਲਈ ਰੋਂਦਾ ਰਿਹਾ । ਮੈਂ ਇਸ ਮੁੱਠੀ ਭਰ ਆਟੇ ਦੇ ਨਾਲ ਕੀ ਕਰਾਂਗੀ?"

88 ਤੁਸੀਂ ਜਾਣਦੇ ਹੋ ਕਿ ਉਹ ਅੰਨ ਮਸੀਹ ਦਾ ਪ੍ਰਤੀਕ ਸੀ । ਬਾਈਬਲ ਦਾ ਕੋਈ ਵੀ ਪਾਠਕ ਜਾਣਦਾ ਹੈ ਕਿ ਮਸੀਹ ਅੰਨ ਬਲੀ ਸੀ । ਅਤੇ ਉਸ ਅੰਨ ਬਲੀ ਨੂੰ ਇੱਕ ਖਾਸ ਮਸ਼ੀਨੀ ਪੁਰਜੇ ਦੇ ਨਾਲ ਪੀਹਣਾ ਹੁੰਦਾ ਹੈ ਤਾਂ ਕਿ ਉਹ ਹਰੇਕ ਨਿੱਕੇ ਦਾਣੇ ਨੂੰ ਇੱਕੋ ਜਿਹਾ ਕਟੇ ਕਿਓਂਕਿ ਯਿਸੂ ਮਸੀਹ ਕਲ੍ਹ, ਅੱਜ ਅਤੇ ਯੁਗਾਂ ਯੁੱਗ ਇਕੋ ਜਿਹਾ ਹੈ । ਅਤੇ ਹਰੇਕ ਵਿਸ਼ਵਾਸੀ ਇਸ ਤੇ ਵਿਸ਼ਵਾਸ ਕਰਦਾ ਹੈ ਤੇ ਇਸ ਤੇ ਟਿਕਿਆ ਹੋਇਆ ਹੈ । ਹਲਲੂਯਾਹ! ਜੇਕਰ ਤੁਸੀਂ ਚਾਹੋ ਤਾਂ ਆਪਣਾ ਪੁਰਾਣਾ, ਠੰਡਾ ਉਪਚਾਰਕ ਧਰਮ ਅਪਨਾ ਸਕਦੇ ਹੋ । ਪਰ ਮੈਂ, ਮੈਂ ਵਿਸ਼ਵਾਸ ਕਰਦਾ ਹਾਂ ਕਿ ਯਿਸੂ ਮਸੀਹ ਕਲ੍ਹ, ਅੱਜ ਅਤੇ ਜੁਗੋ ਜੁੱਗ ਇੱਕੋ ਜਿਹਾ ਹੈ । ਮੈਂ ਬੇਪ੍ਰਤੀਤਿਆਂ ਦੀ ਦੁਨੀਆਂ ਵਿੱਚ ਇਹਦੇ ਉੱਤੇ ਖੜਾ ਹਾਂ । ਮੈਂ ਅਜੇ ਵੀ ਵਿਸ਼ਵਾਸ ਕਰਦਾ ਹਾਂ ਕਿ ਯਿਸੂ ਮਸੀਹ ਕਲ੍ਹ, ਅੱਜ ਅਤੇ ਜੁਗੋ ਜੁੱਗ ਇਕੋ ਜਿਹਾ ਹੈ ।

89 ਅਤੇ ਉਹ ਪੁਰਜੇ ਇਸ ਦੇ ਹਰੇਕ ਟੁਕੜੇ ਨੂੰ ਇੱਕੋ ਜਿਹਾ ਕੱਟਦੇ ਸਨ ਕਿਓਂਕਿ ਉਹ ਇੱਕੋ ਜਿਹਾ ਹੈ । ਉਹ ਉਹੋ ਹੀ ਪਰਮੇਸ਼ੁਰ ਹੈ ਜੋ ਉਦੋਂ ਸੀ, ਅੱਜ ਸਵੇਰ ਵੀ ਉਹ ਉਹੋ ਹੀ ਹੈ । ਉਹ ਹਮੇਸ਼ਾ ਇਕੋ ਜਿਹਾ ਹੀ ਰਹੇਗਾ । ਏਹੋ ਹੀ ਅੰਨ ਦਾ ਅਰਥ ਸੀ ।

90 ਅਤੇ ਤੇਲ ਦਾ ਅਰਥ ਹੈ ਆਤਮਾ, ਜਿਵੇਂ ਕਿ ਅਸੀਂ ਹਿਜਕਿਏਲ 4 ਦੇ ਅਨੁਸਾਰ ਜਾਣਦੇ ਹਾਂ । ਇਹੀ ਕਾਰਨ ਹੈ ਕਿ ਅਸੀਂ ਤੇਲ ਨਾਲ ਮਸ਼ਹ ਕਰਦੇ ਹਾਂ; ਇਹ ਆਤਮਾ ਹੈ । ਇਹ ਕੀ ਹੈ? ਜਿਵੇਂ ਸੰਤ ਯੂਹੰਨਾ 4 ਅਧਿਆਏ, "ਪਰਮੇਸ਼ੁਰ ਅਜਿਹੇ ਭਗਤਾਂ ਨੂੰ ਭਾਲਦਾ ਹੈ ਜਿਹੜੇ ਉਹਦੀ ਉਪਾਸਨਾ ਆਤਮਾ ਅਤੇ ਸਚਾਈ ਵਿੱਚ ਕਰਦੇ ਹਨ" । ਯਿਸੂ ਸਚਾਈ ਸੀ । ਉਹ ਅੰਨ ਬਲੀ ਸੀ ਅਤੇ ਇਹ ਤੇਲ ਆਤਮਾ ਸੀ । ਅਤੇ ਆਤਮਾ ਜੱਦ ਸਚਾਈ ਨਾਲ ਮਿਲਦਾ ਹੈ ਤਾਂ ਇਹਨੇ ਫਿਰ ਕੁਝ ਤਾਂ ਕਰਨਾ ਹੀ ਹੈ । ਇਹਨਾਂ ਨੂੰ ਇਕਠਾ ਕਰ ਦਿਓ ਤਾਂ ਇਹ ਰੋਟੀ ਬਣ ਜਾਵੇਗੀ । ਔਹ!

91 ਤੁਹਾਡਾ ਵਿਸ਼ਵਾਸ ਕਿਥੇ ਹੈ? ਜਦੋਂ ਪਰਮੇਸ਼ੁਰ ਦਾ ਵਚਨ ਸਾਧਾਰਣਤਾ ਵਿੱਚ, ਪਰ ਇਸਦੀ ਪੂਰੀ ਸ਼ਕਤੀ ਵਿੱਚ ਪ੍ਰਚਾਰ ਕੀਤਾ ਜਾਂਦਾ ਹੈ ਕਿ ਯਿਸੂ ਮਸੀਹ ਕਲ੍ਹ, ਅੱਜ ਤੇ ਜੁਗੋ ਜੁੱਗ ਇੱਕੋ ਜਿਹਾ ਹੈ ਅਤੇ ਵਚਨ ਅੰਨ ਬਣ ਕੇ ਨਿਕਲਦਾ ਹੈ ਅਤੇ ਤੁਸੀਂ ਇਸ ਨਾਲ ਤੇਲ ਨੂੰ ਮਿਲਾਉਣਾ ਹੈ । ਹੋ ਸਕਦਾ ਹੈ ਕਿ ਇਹ ਥੋੜਾ ਜਿਹਾ ਹੀ ਹੈ, ਮੁੱਠੀ ਭਰ ਹੈ ਜਾਂ ਫਿਰ ਇੱਕ ਚਮਚ ਹੀ ਹੈ ਪਰ ਜੋ ਕੁਝ ਵੀ ਇਹ ਹੈ, ਇਹ ਅਸਲੀ ਹੈ ।

92 ਹੁਣ ਇਹ ਕਾਹਦੇ ਲਈ ਤਿਆਰ ਹੈ? ਇਹ ਸਲੀਬ ਦੇ ਲਈ ਤਿਆਰ ਹੈ । ਇਹ ਆਤਮ ਬਲਿਦਾਨ ਦੇ ਲਈ ਤਿਆਰ ਹੈ । ਇਹ ਹੀ ਹੈ ਜੋ ਤੁਸੀਂ ਕਰਨਾ ਹੈ । ਜੇਕਰ ਵਚਨ ਦਾ ਪ੍ਰਚਾਰ ਕੀਤਾ ਗਿਆ ਹੈ ਅਤੇ ਤੁਹਾਡੇ ਕੋਲ ਆਤਮਾ ਹੈ ਅਤੇ ਇਹਨਾਂ ਨੂੰ ਇਕਠੇ ਮਿਲਾ ਲੈਂਦੇ ਹੋ ਤਾਂ ਇਹ ਆਤਮ-ਬਲਿਦਾਨ ਹੋਵੇਗਾ ਕਿ ਹਰੇਕ ਪੀੜ੍ਹ, ਹਰੇਕ ਰੋਗ, ਹਰੇਕ ਬਿਮਾਰੀ ਅਤੇ ਹਰੇਕ ਉਸ ਚੀਜ ਦਾ ਇਨਕਾਰ ਕਰੇਗਾ ਜਿਹੜੀ ਪਰਮੇਸ਼ੁਰ ਦੇ ਵਚਨ ਦੇ ਵਿਰੁੱਧ ਹੈ ਅਤੇ ਇਸ ਉੱਤੇ ਖੜ੍ਹਾ ਰਹੇਗਾ ।

93 ਡਾਕਟਰ *ਇਹ* ਕਹਿੰਦਾ ਹੈ, *ਉਹ* ਕਹਿੰਦਾ ਹੈ ਜਾਂ ਕੁਝ *ਹੋਰ* ਕਹਿੰਦਾ ਹੈ, ਇਸ ਨਾਲ ਕੁਝ ਵੀ ਫਰਕ ਨਹੀਂ ਪੈਂਦਾ । ਤੁਸੀਂ ਇਹਦੇ ਤੇ ਖੜੇ ਰਹੋ ਕਿਓਂਕਿ ਪਰਮੇਸ਼ੁਰ ਨੇ ਇੰਝ ਹੀ ਆਖਿਆ ਹੈ । ਅੰਨ ਆ ਗਿਆ ਹੈ । ਤੁਹਾਡੇ ਕੋਲ ਤੇਲ ਹੈ । ਤੁਸੀਂ ਇਹਨਾਂ ਨੂੰ ਮਿਲਾ ਲਿਆ ਹੈ ।

94 ਹੁਣ, ਮੈਂ ਇੱਕ ਆਵਾਜ਼ ਨੂੰ ਸੁਣ ਰਿਹਾ ਹਾਂ । ਇਹ ਤਾਂ ਦਿਨ ਚੜ੍ਹਨ ਤੋਂ ਥੋੜੀ ਹੀ ਦੇਰ ਬਾਅਦ ਦੀ ਗਲ੍ਹ ਹੈ । ਇੱਕ ਆਵਾਜ ਬੋਲਦੀ ਹੈ ਅਤੇ ਕਿਹਾ, "ਬਾਹਰ ਵੇਹੜੇ ਵਿੱਚ ਜਾ ਅਤੇ ਦੋ ਲਕੜੀਆਂ ਲਿਆ" । ਕੀ ਤੁਸੀਂ ਧਿਆਨ ਦਿੱਤਾ ਕਿ ਲਿਖਤਾਂ ਵਿੱਚ ਕਿਹਾ ਗਿਆ ਹੈ, "ਦੋ ਲਕੜਾਂ"? ਸਲੀਬ । ਉਹਦੇ ਕੋਲ ਤੇਲ ਅਤੇ ਅੰਨ ਸੀ ਪਰ ਉਹ ਨੂੰ ਹੁਣ ਸੱਦਿਆ ਜਾਵੇਗਾ ਤਾਂ ਕਿ ਉਹ ਕਾਰਵਾਈ ਕਰੇ; ਇਸ ਨਾਲ ਕੰਮ ਕਰੇ । ਭਾਵੇਂ ਤੁਹਾਡੇ ਕੋਲ ਬਹੁਤ ਸਾਰਾ ਅੰਨ ਹੋਵੇ, ਜਾਂ ਉਨਾਂ ਅੰਨ ਅਤੇ ਤੇਲ ਹੈ ਜਿੰਨੇ ਦੀ ਤੁਹਾਨੂੰ ਲੋੜ੍ਹ ਹੈ ਪਰ ਤੁਹਾਨੂੰ ਉਸ ਤੇ ਕੰਮ ਕਰਨਾ ਹੀ ਪਵੇਗਾ, ਇਹ ਆਤਮ-ਬਲਿਦਾਨ ਹੈ ।

95 ਦੋ ਲਕੜੀਆਂ । ਪੁਰਾਣੇ ਸਮੇਂ ਵਿੱਚ ਉਹਨਾਂ ਨੂੰ ਕਦੇ ਵੀ ਅੱਗ ਬਾਲਣ ਦਾ ਕੋਈ ਬਿਹਤਰ ਢੰਗ ਨਾ ਲਭਾ । ਜਦੋਂ ਤੁਸੀਂ ਇੱਕ ਲਕੜ ਨੂੰ ਲੈ ਕੇ ਦੂਜੀ ਲਕੜ ਨੂੰ ਇਹਦੇ ਉਪਰ ਰਖ ਦਿੰਦੇ ਹੋ ਅਤੇ ਇਹਦੇ ਵਿਚਕਾਰ ਅੱਗ ਲਾ ਦਿੰਦੇ ਤਾਂ ਤੁਸੀਂ ਦੋਵਾਂ ਹੀ ਸਿਰੀਆਂ ਵਲ ਅਗ ਲਾ ਲਵੋਗੇ । ਅਰਥਾਤ ਅੱਗ ਦੋਹਾਂ ਹੀ ਸਿਰੀਆਂ ਦੀ ਵਲ੍ਹ ਭਜੇਗੀ । ਉੱਤਰੀ ਅਮਰੀਕਾ ਦੇ ਮੂਲ ਨਿਵਾਸੀ ਅਰਥਾਤ ਇੰਡੀਅਨ ਲੋਕ ਆਪਣੀ ਅੱਗ ਏਦਾਂ ਹੀ ਬਾਲਦੇ ਹਨ । ਮੈਂ ਵੀ ਕਈ ਵਾਰ ਏਦਾਂ ਹੀ ਸਾਰੀ ਸਾਰੀ ਰਾਤ ਅੱਗ ਨੂੰ ਬਾਲਿਆ ਹੈ । ਇੱਕ ਲਕੜ ਲਓ, ਇੱਕ ਨੂੰ *ਇਸ* ਤਰ੍ਹਾਂ ਅਤੇ ਇੱਕ *ਓਸ* ਤਰ੍ਹਾਂ ਰਖੋ ਅਤੇ ਜਿਵੇਂ ਜਿਵੇਂ ਇਹ ਬਲਦੀ ਜਾਂਦੀ ਹੈ ਇਸ ਨੂੰ ਅੱਗ ਵਿੱਚ ਧੱਕੀ ਜਾਓ ।

96 ਉਹ ਲਕੜੀ ਸਲੀਬ ਸੀ । "ਦੋ ਲਕੜਾਂ" ਬਾਈਬਲ ਨੇ ਆਖਿਆ ਹੈ । ਆਵਾਜ਼ ਨੇ ਆਖਿਆ, "ਵਿਹੜੇ ਵਿੱਚ ਜਾ ਤੇ ਦੋ ਲਕੜੀਆਂ ਲੈ ਆ" । ਉਸ ਸਮੇਂ ਪਹਾੜੀ ਉੱਤੇ ਇੱਕ ਗਰਜ ਕੇ ਨਬੀ ਕੋਲ ਆਈ ਅਤੇ ਕਿਹਾ, "ਸ਼ਹਿਰ ਵਿੱਚ ਜਾ । ਮੈਂ ਹੁਕਮ ਦਿੱਤਾ ਹੈ" । ਔਹ, ਮੇਰੇ! ਉਹਨਾਂ ਦੋਵਾਂ ਨੇ ਹੁਕਮ ਦੀ ਪਾਲਣਾ ਕੀਤੀ । ਕੁਝ ਹੋਣਾ ਹੀ ਸੀ । ਉਹ ਦੋਵੇ ਆਗਿਆਕਾਰੀ ਕਰ ਰਹੇ ਸਨ ।

97 ਜੇ ਪ੍ਰਚਾਰਕ ਵਚਨ ਦਾ ਪਰਚਾਰ ਕਰੇ ਅਤੇ ਆਦਮੀ ਜੋ ਇਸਨੂੰ ਸੁਣਦਾ ਹੈ ਇਸ ਤੇ ਵਿਸ਼ਵਾਸ ਕਰੇ ਅਤੇ ਇਸ ਦਾ ਅਮਲ ਕਰੇ ਤਾਂ ਕੁਝ ਤਾਂ ਹੋਣਾ ਹੀ ਹੈ । ਜੇ ਤੁਸੀਂ ਪਾਪੀ ਹੋ ਤਾਂ ਤੁਸੀਂ ਜਰੂਰ ਬਚਾਏ ਜਾਓਗੇ । ਜੇ ਤੁਸੀਂ ਬੀਮਾਰ ਹੋ ਤਾਂ ਤੁਸੀਂ ਜਰੂਰ ਚੰਗੇ ਕੀਤੇ ਜਾਓਗੇ ਕਿਓਂਕਿ ਪਰਮੇਸ਼ੁਰ ਨੇ ਇਹ ਵਾਅਦਾ ਕੀਤਾ ਹੈ, ਜੇ ਅਸੀਂ ਪਰਮੇਸ਼ੁਰ ਦੇ ਬਾਰੇ ਪੱਕ ਜਾਣਦੇ ਹਾਂ ।

98 ਜੇ ਇਹ ਪੱਕਾ ਹੈ ਕਿ ਉਹ ਪਰਮੇਸ਼ੁਰ ਹੈ ਤਾਂ ਉਸ ਨੂੰ ਆਪਣਾ ਵਚਨ ਪੂਰਾ ਕਰਨਾ ਹੀ ਹੈ । ਯਕੀਨਨ! ਤਦ ਹੁਕਮ ਇਹ ਸੀ, "ਸ਼ਹਿਰ ਵਿੱਚ ਜਾ ਕਿਓਂਕਿ ਮੈਂ ਇੱਕ ਵਿੱਧਵਾ ਔਰਤ ਨੂੰ ਹੁਕਮ ਦਿੱਤਾ ਹੈ" । ਨਬੀ ਦੇ ਸਾਹਮਣੇ ਇੱਕ ਦਰਸ਼ਨ ਆਇਆ । ਵੇਖੋ ਉਹ ਤੁਰਿਆ ਆਉਂਦਾ ਹੈ । ਉਹ ਨਹੀਂ ਜਾਣਦਾ ਉਹ ਕਿਥੇ ਜਾ ਰਿਹਾ ਹੈ; ਇਸ ਨਾਲ ਕੋਈ ਫਰਕ ਨਹੀਂ ਪੈਂਦਾ । ਉਹ ਬੱਸ ਆਗਿਆਕਾਰੀ ਕਰ ਰਿਹਾ ਸੀ ।

99 ਉਹ ਨਹੀਂ ਜਾਣਦੀ ਕਿ ਲਕੜਾਂ ਕਿਥੇ ਪਈਆਂ ਹੋਣਗੀਆਂ ਪਰ ਵੇਹੜੇ ਵਿੱਚ ਕਿਤੇ ਦੋ ਲਕੜਾਂ ਪਈਆਂ ਸਨ । ਉਹ ਤੁਰ ਪਈ । ਉਹ ਬਾਹਰ ਵੇਹੜੇ ਵਿੱਚ ਜਾਂਦੀ ਹੈ । ਉਹ ਚੁਫ਼ੇਰੇ ਵੇਖਦੀ ਹੈ, "ਔਹ, ਕਿੰਨੀ ਗਰਮੀ ਹੈ!" ਸ਼ਹਿਰ ਵਿਚੋਂ ਚੀਕਾਂ ਦੀ ਅਵਾਜ ਆ ਰਹੀ ਸੀ, ਰਾਤ ਦੇ ਅਵਾਰਾਗਰਦ ਅੰਦਰ ਆ ਰਹੇ ਸਨ, ਆਪਣੀਆਂ ਸ਼ਰਾਬਾਂ ਪੀਂਦੇ ਹੋਏ ਅਤੇ ਡਿਗਦੇ ਢਹਿੰਦੇ ਹੋਏ । ਉਹ ਗਲ੍ਹੀ ਵਿੱਚ ਵੇਖਦੀ ਹੈ ।ਉਹ ਨੂੰ ਕੁਝ ਵੀ ਨਹੀਂ ਦਿੱਸਦਾ । ਉਸ ਨੂੰ ਇੱਕ ਲਕੜ

ਮਿਲ ਜਾਂਦੀ ਹੈ; ਸਲੀਬ ਦਾ ਇੱਕ ਹਿੱਸਾ, ਆਤਮ-ਬਲੀਦਾਨ। ਉਸਨੂੰ ਲਕੜੀ ਦਾ ਇੱਕ ਹੋਰ ਟੁਕੜਾ ਮਿਲ ਜਾਂਦਾ ਹੈ। ਅਤੇ ਜਦੋਂ ਉਸ ਨੇ ਉਹ ਦੂਜੀ ਲਕੜ ਚੁੱਕੀ...

100 ਔਹ, ਇਹ ਕਿੰਨਾ ਦੁਖਦਾਈ ਰਿਹਾ ਹੋਵੇਗਾ, ਮੌਤ ਬੂਹੇ ਤੇ ਖੜੀ ਸੀ। ਉਹਨੇ ਤੇ ਉਹਦੇ ਮੁੰਡੇ ਨੇ ਰੋਟੀ ਦਾ ਇੱਕ ਚੱਪਾ ਖਾ ਕੇ ਮਰ ਜਾਣਾ ਸੀ। ਬਸ ਏਹੋ ਸਭ ਕੁਝ ਸੀ। ਅਤੇ ਕਦੇ ਕਦੇ, ਠੀਕ ਉਦਾਸੀ ਦੇ ਵਿੱਚ ਅਸੀਂ ਅਵਾਜ ਨੂੰ ਸੁਣਦੇ ਹਾਂ।

101 ਜਦੋਂ ਉਹਨੇ ਦੂਜੀ ਲਕੜੀ ਚੁਕੀ ਅਤੇ ਵਾਪਸ ਜਾਣ ਲਗੀ ਤਾਂ ਬੂਹੇ ਵਿਚੋਂ ਇੱਕ ਆਵਾਜ ਆਈ, ਕਿਹਾ, “ਭਾਂਡੇ ਵਿੱਚ ਪੀਣ ਲਈ ਥੋੜਾ ਜਿਹਾ ਪਾਣੀ ਲਿਆ”।

102 ਉਹ ਵੇਖਣ ਨੂੰ ਮੁੜੀ, ਉਹਦੇ ਹੱਥ ਵਿੱਚ ਦੋ ਲਕੜਾਂ ਸਨ, ਆਟਾ ਅਤੇ ਤੇਲ ਉਹਨੇ ਪਹਿਲਾਂ ਹੀ ਮਿਲਾ ਕੇ ਤਿਆਰ ਕਰ ਲਏ ਸਨ। ਉਹਨੇ ਆਖਿਆ ਕਿ ਉਹਨੇ ਇਹਨੂੰ ਮਿਲਾ ਕੇ ਤਿਆਰ ਕਰ ਦਿੱਤਾ ਹੈ। ਇਸੇ ਤਰ੍ਹਾਂ ਹੀ ਵਚਨ ਅਤੇ ਆਤਮਾ ਨੇ ਵੀ ਇੱਕਠੇ ਮਿਲਣਾ ਹੈ। ਆਤਮ ਬਲੀਦਾਨ ਦੀ ਸਲੀਬ ਉੱਤੇ ਲਟਕਣਾ ਹੈ ਤਾਂ ਕਿ ਤੁਸੀਂ ਜੋ ਕੁਝ ਵੀ ਮੰਗਿਆ ਹੈ ਉਸਦੇ ਵਿਰੁਧ ਜੋ ਕੁਝ ਵੀ ਹੈ ਉਸ ਦਾ ਇਨਕਾਰ ਕੀਤਾ ਜਾਵੇ। ਇਹ ਠੀਕ ਹੈ। “ਮੈਂ ਇਹਨੂੰ ਮਿਲਾਇਆ ਅਤੇ ਹੁਣ ਮੈਂ ਇਹ ਲੱਕੜਾਂ ਲੈ ਆਵਾਂਗੀ”।

ਅਤੇ ਉਸ ਅਵਾਜ ਨੇ ਆਖਿਆ, “ਭਾਂਡੇ ਵਿੱਚ ਮੈਨੂੰ ਥੋੜ੍ਹਾ ਜਿਹਾ ਪਾਣੀ ਲਿਆ ਦੇ”।

103 ਉਹਨੇ ਵੇਖਿਆ ਤੇ ਉਹ ਕੀ ਵੇਖਦੀ ਹੈ ਕਿ ਇੱਕ ਆਦਮੀ ਬੂਹੇ ਦੇ ਨਾਲ ਢੋਅ ਲਾ ਕੇ ਖੜਾ ਹੈ, ਪਤਲੀਆਂ ਗਲਾਂ ਵਾਲਾ, ਦਾੜ੍ਹੀ ਵਾਲਾ, ਗੰਜੇ ਸਿਰ ਵਾਲਾ, ਉਹਨੇ ਭੇਡ ਦੀ ਪੁਰਾਣੀ ਜਿਹੀ ਖਲ ਪਹਿਨੀ ਹੋਈ ਹੈ ਤੇ ਬੂਹੇ ਵਿਚੋਂ ਝਾਂਕ ਰਿਹਾ ਹੈ। ਵੇਖਣ ਨੂੰ ਉਹ ਇੱਕ ਬਜੁਰਗ ਭਲਾ ਮਾਣਸ ਲਗਦਾ ਸੀ।

104 ਉਸਨੇ ਕਿਹਾ, “ਮੈਂ ਆਪਣੇ ਪਾਣੀ ਵਿਚੋਂ ਉਹਨੂੰ ਪਾਣੀ ਦਿਆਂਗੀ”। ਜਿਉਣ ਦਾ ਪਾਣੀ ਤੁਸੀਂ ਕਿਸੇ ਨੂੰ ਵੀ ਦੇਣ ਦੇ ਚਾਹਵੰਦ ਹੋਵੋਗੇ, ਕਿਸੇ ਨੂੰ ਵੀ ਜਾਣ ਦੇ ਲਈ ਦੱਸਣ ਵਾਸਤੇ। “ਸ਼੍ਰੀਮਾਨ, ਬੱਸ ਇੱਕ ਮਿੰਟ”। ਉਸਨੇ ਲਕੜਾਂ ਆਪਣੇ ਹੱਥ ਵਿੱਚ ਲੈ ਕੇ ਪਿਛਾਂਹ ਨੂੰ ਜਾਣਾ ਸ਼ੁਰੂ ਕੀਤਾ।

105 ਅਤੇ ਆਵਾਜ ਫੇਰ ਗਰਜੀ, “ਕੇਵਲ ਪਾਣੀ ਹੀ ਨਹੀਂ ਪਰ ਆਪਣੇ ਹੱਥ ਵਿੱਚ ਇੱਕ ਚੱਪਾ ਰੋਟੀ ਦਾ ਵੀ ਲੈਂਦੀ ਆਵੀਂ”। ਜੀਵਨ ਦੀ ਰੋਟੀ, ਜੀਵਨ ਦਾ ਪਾਣੀ! ਕੀ ਇਹ ਜੀਵਨ ਦਾ ਸੀ? ਜਿਦਾਂ ਹੀ ਉਹ ਨਾਸ ਹੋ ਜਾਵੇਗਾ ਉਹ ਮਰ ਜਾਵੇਗੀ। “ਮੇਰੇ ਲਈ ਆਪਣਾ ਪਾਣੀ ਅਤੇ ਆਪਣੀ ਰੋਟੀ ਲਿਆ”।

106 ਏਥੋਂ ਸਾਨੂੰ ਕੀ ਪਤਾ ਲਗਦਾ ਹੈ? ਏਥੋਂ ਸਾਨੂੰ ਕੀ ਸਬਕ ਮਿਲਦਾ ਹੈ? “ਪਹਿਲਾਂ ਤੁਸੀਂ ਪਰਮੇਸ਼ੁਰ ਦੇ ਰਾਜ ਨੂੰ ਭਾਲੋ, ਅਤੇ ਉਸਦੀ ਸਾਰੀ ਧਾਰਮਿਕਤਾ ਨੂੰ; ਬਾਕੀ ਦੀਆਂ ਸਭ ਚੀਜਾਂ ਤੁਹਾਨੂੰ ਦਿੱਤੀਆਂ ਜਾਣਗੀਆਂ”।

“ਮੇਰੇ ਲਈ ਥੋੜਾ ਪਾਣੀ ਅਤੇ ਇੱਕ ਚੱਪਾ ਰੋਟੀ ਦਾ ਲਿਆ”।

107 ਤੇ ਤਦ ਉਹ ਆਪਣੀ ਉਦਾਸੀ ਵਿੱਚ ਮੁੜਦੀ ਹੈ। ਮੈਂ ਉਹਨੂੰ ਆਖਦੇ ਸੁਣ ਸਕਦਾ ਹਾਂ, “ਸ਼੍ਰੀਮਾਨ ਜੀ” ਕੁਝ ਇਸ ਤਰ੍ਹਾਂ, “ਤੂੰ ਉਹਨਾਂ ਮਨੁੱਖਾਂ ਨਾਲੋਂ ਕੁਝ ਵਖਰਾ ਹੈ ਜੋ ਮੈਂ ਵੇਖੇ ਹਨ ਅਤੇ ਉਹਨਾਂ ਮਨੁਖਾਂ ਨਾਲੋਂ ਜਿੰਨਾ ਨੂੰ ਮੈਂ ਬੋਲਦੇ ਸੁਣਦੀ ਹਾਂ। ਤੁਸੀਂ ਜੋ ਕਹਿ ਰਹੇ ਹੋ ਉਸ ਬਾਰੇ ਤੁਹਾਨੂੰ ਪੂਰਾ ਯਕੀਨ ਹੈ। ਪਰ ਮੇਰੇ ਕੋਲ ਤਾਂ ਬਸ ਏਨਾਂ ਹੀ ਭੋਜਨ ਹੈ ਇੱਕ ਮੁੱਠੀ

ਆਟਾ ਤੇ ਇੱਕ ਚਿਮਚਾ ਤੇਲ। ਮੈਂ ਇਹਨੂੰ ਗੁੰਨ ਲਿਆ ਹੈ ਤੇ ਮੈਂ ਏਹਨੂੰ ਇਹਨਾਂ ਦੋ ਲੱਕੜਾ ਦੇ ਨਾਲ ਪਕਾਵਾਂਗੀ। ਅਤੇ ਮੈਂ ਅਤੇ ਮੇਰਾ ਪੁੱਤ੍ਰ ਇਹ ਨੂੰ ਖਾ ਕੇ ਮਰ ਜਾਵਾਂਗੇ। ਇਹੀ ਸਭ ਕੁਝ ਮੇਰੇ ਕੋਲ ਹੈ।

108 ਤੱਦ ਅਗੇ ਅਸੀਂ ਕੀ ਸੁਣਦੇ ਹਾਂ? "ਪਰ ਪਹਿਲਾਂ ਮੇਰੇ ਲਈ ਰੋਟੀ ਲਿਆ"। ਪਰਮੇਸ਼ੁਰ, ਪਹਿਲਾਂ ਹੈ। ਕੋਈ ਫਰਕ ਨਹੀਂ ਪੈਂਦਾ ਕਿ ਕੋਈ ਕੀ ਆਖਦਾ ਹੈ, ਹੋਰ ਕੋਈ ਕੀ ਸਬੂਤ ਹੈ, ਕਿੰਨਾ ਉਦਾਸੀਨ ਜਾਪਦਾ ਹੈ, ਭਾਵੇਂ ਕੁਝ ਵੀ ਹੋਵੇ, ਪਰਮੇਸ਼ੁਰ ਨੂੰ ਪਹਿਲਾਂ ਰੱਖੋ। ਉਹਦੇ ਵਚਨ ਨੂੰ ਪਹਿਲ ਦਿਓ।

109 "ਡਾਕਟਰ ਨੇ ਆਖਿਆ ਹੈ ਕਿ ਮੈਂ ਚੰਗਾ ਨਹੀਂ ਹੋ ਸਕਦਾ"। ਪਰ, ਉਹਦਾ ਵਚਨ ਪਹਿਲਾਂ ਹੈ। "ਮੈਂ ਬਹੁਤ ਵੱਡਾ ਪਾਪੀ ਹਾਂ। ਮੈਂ ਇੱਕ ਵੇਸ਼ਵਾ ਹਾਂ। ਮੈਂ ਇੱਕ ਜੁਆਰੀ ਹਾਂ। ਮੈਂ ਇੱਕ ਸ਼ਰਾਬੀ ਹਾਂ"।

ਪਰਮੇਸ਼ੁਰ ਦਾ ਵਚਨ ਪਹਿਲਾਂ ਹੈ। "ਭਾਵੇਂ ਤੁਹਾਡੇ ਪਾਪ ਕਿਰਮਚ ਜਿਹੇ ਲਾਲ ਹੋਣ, ਉਹ ਬਰਫ਼ ਜੇਹੇ ਚਿੱਟੇ ਹੋ ਜਾਣਗੇ, ਭਾਵੇਂ ਉਹ ਮਜੀਠ ਜੇਹੇ ਲਾਲ ਹੋਣ, ਉਹ ਉਨ ਜੇਹੇ ਹੋ ਜਾਣਗੇ"। ਪਹਿਲਾਂ, ਪਰਮੇਸ਼ੁਰ।

110 "ਜਾ ਤੇ ਪਹਿਲਾਂ ਮੇਰੇ ਲਈ ਰੋਟੀ ਲਿਆ। ਤੇਰੇ ਕੋਲ ਜੋ ਵੀ ਹੈ ਮੇਰੇ ਕੋਲ ਲੈ ਆ"। ਕੀ ਤੁਸੀਂ ਇਹ ਉਹਦੇ ਹੱਥਾਂ ਵਿੱਚ ਦੇਣ ਲਈ ਤਿਆਰ ਹੋ?

111 ਮੇਰਾ ਜੀਵਨ, ਮੈਂ ਜੋ ਕੁਝ ਵੀ ਹਾਂ। ਮੈਂ ਪੰਜਾਹ ਸਾਲ ਦਾ ਹਾਂ। "ਵਿਲੀਅਮ ਬ੍ਰਾਨਹਾਮ ਕੀ ਤੂੰ ਇਹ ਮੈਨੂੰ ਦੇਣਾ ਚਾਹੁੰਦਾ ਹੈਂ? ਛੋਟੇ ਬਚਿਓ, ਕੀ ਤੁਸੀਂ ਆਪਣਾ ਜੀਵਨ ਮੈਨੂੰ ਦੇਣਾ ਚਾਹੁੰਦੇ ਹੋ? ਕੀ ਤੁਸੀਂ ਚਾਹੁੰਦੇ ਹੋ? ਬੀਮਾਰ ਲੋਕੋ, ਕੀ ਤੁਸੀਂ ਇਹ ਕਰ ਸਕਦੇ ਹੋ? ਕੀ ਤੁਸੀਂ ਮੇਰੇ ਤੇ ਭਰੋਸਾ ਕਰ ਸਕਦੇ ਹੋ? ਮੈਨੂੰ ਪਹਿਲ ਦਿਓ"।

112 "ਆਪਣੇ ਹੱਥ ਵਿੱਚ ਇੱਕ ਚੱਪਾ ਰੋਟੀ ਲਈ ਆਵੀਂ ਤੇ ਥੋੜ੍ਹਾ ਪਾਣੀ ਮੈਨੂੰ ਪਿਆ"। ਉਹਨੇ ਉਹਦੀ ਵਲ੍ਹ ਵੇਖਿਆ। ਕਿਸੇ ਚੀਜ ਨੇ ਉਹਨੂੰ ਦੱਸਿਆ ਕਿ ਉਹ ਮਨੁੱਖ ਜਾਣਦਾ ਸੀ ਕਿ ਉਹ ਕੀ ਬੋਲ ਰਿਹਾ ਸੀ।

ਪਰਮੇਸ਼ੁਰ ਆਪਣੀਆਂ ਭੇਡਾਂ ਨੂੰ ਜਾਣਦਾ ਹੈ। "ਮੇਰੀਆਂ ਭੇਡਾਂ ਮੇਰੀ ਆਵਾਜ ਨੂੰ ਪਛਾਣਦੀਆਂ ਹਨ। ਉਹ ਜਾਣਦੀਆਂ ਹਨ ਕਿ ਇਹ ਲਿਖਤ ਹੈ ਜਾਂ ਨਹੀਂ, ਇਹ ਸਹੀ ਹੈ ਜਾਂ ਗਲਤ"।

113 ਉਹ ਆਗਿਆਕਾਰੀ ਵਿੱਚ ਮੁੜਦੀ ਹੈ। ਏਹੋ ਹੀ ਤੁਹਾਨੂੰ ਕਰਨਾ ਪੈਣਾ ਹੈ। ਅਤੇ ਜਦੋਂ ਉਹ ਜੋ ਨਬੀ ਨੇ ਕਿਹਾ ਸੀ ਉਹਦੀ ਆਗਿਆਕਾਰੀ ਕਰਨ ਦੇ ਲਈ ਮੁੜੀ ਤਾਂ ਸਵਰਗ ਵਿਚੋਂ ਇੱਕ ਗਰਜ ਹੋਈ ਜਿਹਨੂੰ ਹਰੇਕ ਮਨੁੱਖ ਸੁਣਨਾ ਚਾਹੁੰਦਾ ਹੈ। ਕਿਉਂਕਿ ਨਬੀ ਦੀ ਆਵਾਜ ਵਿਚੋਂ ਅਜਿਹੀ ਗਰਜ ਆਉਂਦੀ ਹੈ, ਜਿਹਨੂੰ ਹਰੇਕ ਪਾਪੀ ਅਤੇ ਹਰੇਕ ਬੀਮਾਰ ਆਦਮੀ ਸੁਣਨਾ ਚਾਹੁੰਦਾ ਹੈ, "ਯਹੋਵਾਹ ਇੰਝ ਫ਼ਰਮਾਉਂਦਾ ਹੈ"।

114 ਕਿੰਝ ਅਸੀਂ ਇਹ ਸੁਣਨ ਦੇ ਲਈ ਤਰਸਦੇ ਹਾਂ! ਕਿੰਝ ਲੋਕ ਮੇਰੇ ਰਾਹ ਵਿੱਚ ਬਹਿੰਦੇ ਹਨ ਤੇ ਆਖਦੇ ਹਨ, "ਇਸ ਦਰਵਾਜੇ ਤੇ ਆਓ। ਮੇਰੀ ਲੜਕੀ ਦੀ *ਅਜਿਹੀ* ਹਾਲਤ ਹੈ। ਮੇਰੇ ਬਚੇ ਦੀ ਹਾਲਤ ਬਹੁਤ ਖਰਾਬ ਹੈ। ਕੇਵਲ ਸ਼ਬਦ ਹੀ ਕਹਿ ਦੇ"। ਪਰ ਤੁਹਾਡੇ ਮੂੰਹ ਵਿੱਚ ਇਹ ਹੋਣ ਤੋਂ ਪਹਿਲਾਂ ਤੁਸੀਂ ਇਹ ਕਿਵੇਂ ਕਹਿ ਸਕਦੇ ਹੋ? ਤੁਸੀਂ ਤਾਂ ਆਪਣੇ ਆਪ ਹੀ

ਇਹ ਕਹਿ ਰਹੇ ਹੋਵੋਗੇ । ਪਰ ਉਹ ਇਸ ਨੂੰ ਸੁਣਨ ਦੇ ਲਈ ਤਰਸਦੇ ਹਨ, "ਯਹੋਵਾਹ ਇੰਝ ਫ਼ਰਮਾਉਂਦਾ ਹੈ" ।

115 ਤਾਂ ਉਹ ਘਰ ਦੇ ਅੰਦਰ ਆ ਗਿਆ ਕਿਉਂਕਿ ਉਸ ਤੀਵੀਂ ਨੇ ਉਹਦੀ ਗਲ ਮਨ ਲਈ ਸੀ । ਅਤੇ ਉਦਾਸੀ ਜਾਂਦੀ ਰਹੀ । "ਯਹੋਵਾਹ ਇੰਝ ਫ਼ਰਮਾਉਂਦਾ ਹੈ ਕਿ ਨਾਂ ਤਾਂ ਮਟਕੇ ਦਾ ਆਟਾ ਮੁਕੇਗਾ ਤੇ ਨਾ ਹੀ ਕੁੱਪੀ ਵਿਚੋਂ ਤੇਲ, ਉਸ ਦਿਨ ਤੱਕ ਜੱਦ ਤਕ ਯਹੋਵਾਹ ਜਮੀਨ ਉੱਤੇ ਮੀਂਹ ਨਾ ਘਲੇ" । ਔਹ, ਕਿੰਨੀ ਤੱਸਲੀ ਸੀ ।

116 ਉਹਨੇ ਰੋਟੀ ਬਣਾਈ । ਉਹਨੇ ਇਹ ਨਬੀ ਨੂੰ ਦਿੱਤੀ । ਉਹਨੇ ਜਾ ਕੇ ਕੁਝ ਆਪਣੇ ਲਈ ਤੇ ਆਪਣੇ ਪੁੱਤ੍ਰ ਲਈ ਬਣਾਈਆਂ । ਉਤੇ ਉਹਨਾਂ ਨੇ ਧਰਤੀ ਉੱਤੇ ਬਹੁਤ ਸਾਰਾ ਖਾਧਾ ਅਤੇ ਪੀਤਾ ।

117 ਇਹ ਕਿਥੋਂ ਆਇਆ? ਇਹ ਉਥੇ ਕਿੰਝ ਪੁਜਿਆ? ਵਿਗਿਆਨਕ ਢੰਗ ਨਾਲ ਮੈਨੂੰ ਦੱਸੋ ਇਹ ਭੋਜਨ ਕਿਥੋਂ ਆਇਆ । ਉਹ ਤੇਲ ਕਿਥੋਂ ਆਇਆ? ਇਹ ਉਸ ਕੁੱਜੀ ਵਿੱਚ ਕਿੰਝ ਪਿਆ? ਕਿਉਂਕਿ ਉਹ ਹਰੇਕ ਸਵੇਰ ਤਾਂ ਕੁੱਜੀ ਵਿਚੋਂ ਸਭ ਕਢ ਲੈਂਦੀ ਸੀ । ਉਹ ਆਟੇ ਵਾਲੇ ਭਾਂਡੇ ਨੂੰ ਹਰ ਸਵੇਰ ਖਾਲੀ ਕਰਦੀ ਸੀ ਅਤੇ ਇਹ ਖਾਲੀ ਹੋ ਜਾਂਦਾ ਸੀ । ਪਰ ਜਦੋਂ ਉਹ ਹੋਰ ਲੈਣ ਲਈ ਜਾਂਦੀ ਸੀ ਤਾਂ ਇਹ ਹੁੰਦਾ ਸੀ । ਇਹ ਕਿਥੋਂ ਆਉਂਦਾ ਸੀ? ਪਰਮੇਸ਼ੁਰ ਦੇ ਵਚਨ ਨੂੰ ਲਓ । ਪਰਮੇਸ਼ੁਰ ਨੂੰ ਪੱਕ ਜਾਣ ਲਓ । ਉਹ ਸ੍ਰਿਸ਼ਟੀ ਕਰਤਾ ਹੈ ।

118 ਹੋ ਸਕਦਾ ਹੈ ਕਿ ਤੁਸੀਂ ਆਪਣੀ ਸਿਹਤ ਗੁਆ ਦਿੱਤੀ ਹੈ । ਤੁਸੀਂ ਆਪਣੀ ਸੰਗਤੀ ਗੁਆ ਚੁਕੇ ਹੋ । ਉਹਦੇ ਵਚਨ ਨੂੰ ਲਓ । ਇਹ ਪੱਕ ਜਾਣ ਲਓ ਕਿ ਉਹ ਪਰਮੇਸ਼ੁਰ ਹੈ । ਇਹ ਸਮਾਂ ਜੋ ਹੁਣ ਨਿਰਾਸ਼ਾ ਭਰਿਆ ਦਿੱਸ ਰਿਹਾ ਹੈ, ਜੇਕਰ ਤੁਸੀਂ ਉਸ ਦੇ ਵਚਨ ਨੂੰ ਲੈ ਲਓ ਤਾਂ ਇਹ ਇੰਨਾ ਨਿਰਾਸ਼ਾਜਨਕ ਨਹੀਂ ਦਿੱਸੇਗਾ ਅਤੇ ਯਕੀਨ ਕਰੋ ਕਿ ਉਹ ਪਰਮੇਸ਼ੁਰ ਹੈ ।

119 ਇੱਕ ਵਾਰ ਜਰਮਨੀ ਵਿੱਚ ਮੈਂ ਇੱਕ ਤਸਵੀਰ ਵੇਖੀ ਜੋ ਹਮੇਸ਼ਾ ਮੇਰੇ ਜਿਹਨ ਵਿੱਚ ਰਹੀ ਹੈ । ਇੱਕ ਜਰਮਨ ਚਿਤਰਕਾਰ ਨੇ ਇੱਕ ਤਸਵੀਰ ਬਣਾਈ ਸੀ...ਇੱਕ ਤਸਵੀਰ ਜਿਸਨੂੰ "ਦਾ ਕਲਾਉਡ ਲੈਂਡ" ਕਿਹਾ ਜਾਂਦਾ ਹੈ । ਅਤੇ ਜਦੋਂ ਤੁਸੀਂ ਇਸ ਨੂੰ ਦੂਰੋਂ ਵੇਖਦੇ ਹੋ ਤਾਂ ਇਹ ਭਿਆਨਕ ਅਤੇ ਉਦਾਸੀ ਭਰਿਆ ਹੋਇਆ ਦ੍ਰਿਸ਼ ਹੈ । ਜਦ ਤੁਸੀਂ ਇਹ ਨੂੰ ਦੂਰੀ ਤੋਂ ਵੇਖਦੇ ਹੋ ਤਾਂ ਇਹ ਕੇਵਲ ਬੱਦਲ ਹੀ ਆਪਸ ਵਿੱਚ ਜੁੜੇ ਹੋਏ ਹਨ । ਪਰ ਜਦੋਂ ਤੁਸੀਂ ਇਹਦੇ ਲਾਗੇ ਜਾਂਦੇ ਹੋ ਤਾਂ ਇਹ ਬਦਲ ਜਾਂਦੀ ਹੈ । ਇਹ ਤਾਂ ਫਰਿਸ਼ਤਿਆਂ ਦੇ ਪਰ ਹਨ ਜੋ ਪ੍ਰਭੂ ਦੇ ਲਈ ਇਕਠੇ ਹਲਲੂਯਾਹ ਗਾ ਰਹੇ ਹਨ । ਇਸ ਲਈ ਉਦਾਸੀ ਕਦੇ ਕਦੇ ਇਸ ਤਰਾਂ ਦੀ ਹੁੰਦੀ ਹੈ । ਜੇ ਤੁਸੀਂ ਇਹਨੂੰ ਦੂਰ ਤੋਂ ਵੇਖੋ ਤਾਂ ਇਹ ਹਨੇਰਾ ਅਤੇ ਉਦਾਸੀ ਭਰਿਆ ਲਗਦਾ ਹੈ । ਪਰ ਪਰਮੇਸ਼ੁਰ ਦੇ ਵਚਨ ਨੂੰ ਲਓ ਅਤੇ ਪੱਕ ਜਾਣ ਲਓ ਕਿ ਉਹ ਪਰਮੇਸ਼ੁਰ ਹੈ ਅਤੇ ਇਹਦੇ ਨੇੜੇ ਜਾਓ ਤਾਂ ਤੁਸੀਂ ਪਾਓਗੇ ਕਿ ਇਹ ਤਾਂ ਫਰਿਸ਼ਤਿਆਂ ਦੇ ਪਰ ਹਨ ਜੋ ਇਕਠੇ ਗਾ ਵਜਾ ਰਹੇ ਹਨ ।

120 ਉਹ ਤਾਂ ਕੁਝ ਕੁਝ ਅਬਰਾਹਾਮ ਵਾਂਗ ਸੀ, ਜੋ ਉਹਦੇ ਕੋਲ ਸੀ ਉਹ ਤੋਂ ਮੰਗਿਆ ਗਿਆ ਤੇ ਉਸਨੇ ਇਹ ਬਲੀਦਾਨ ਦੇ ਵੇਦੀ ਉੱਤੇ ਰਖ ਦਿੱਤਾ । ਹੋ ਸਕਦਾ ਹੈ ਕਿ ਅੱਜ ਸਵੇਰ ਤੁਹਾਨੂੰ ਵੀ ਇਸ ਤਰਾਂ ਬੁਲਾਇਆ ਗਿਆ ਹੈ । ਆਪਣੇ ਮਾਰਗ ਤਿਆਗ ਦਿਓ । ਆਪਣੀ ਬੇਪਰਤੀਤੀ ਤਿਆਗ ਦਿਓ । ਜੋ ਕੁਝ ਵੀ ਤੁਹਾਡੇ ਕੋਲ ਹੈ ਉਹ ਤਿਆਗ ਦਿਓ । ਤਦ ਤੇਲ ਅਤੇ ਵਚਨ ਲੈ ਲਓ ਅਤੇ ਉਹਨਾਂ ਨੂੰ ਮਿਲਾਓ ਅਤੇ ਇਹਨੂੰ ਆਤਮ ਬਲੀਦਾਨ ਦੀ ਜਗਵੇਦੀ ਉੱਤੇ ਰਖ ਦਿਓ

। ਤੁਹਾਨੂੰ ਪਤਾ ਲਗੇਗਾ ਕਿ ਇਹ ਪਰਮੇਸ਼ੁਰ ਨੂੰ ਦ੍ਰਿਸ਼ ਉੱਤੇ ਬੁਲਾਵੇਗਾ, ਇਹ ਉਨਾਂ ਹੀ ਪੱਕਾ ਹੈ ਜਿੰਨਾ ਮੈਂ ਇਸ ਮੰਚ ਤੇ ਖੜਾ ਹਾਂ ।

ਇਹਦੇ ਬਾਰੇ ਸੋਚੋ ਜਦਕਿ ਅਸੀਂ ਪ੍ਰਾਰਥਨਾ ਕਰਦੇ ਹਾਂ ।

121 ਕੀ ਅੱਜ ਤੁਹਾਡੀ ਕੋਈ ਲੋੜ੍ਹ ਹੈ? ਕੀ ਤੁਹਾਡੀ ਕੋਈ ਲੋੜ੍ਹ ਹੈ ਜਿਸ ਨੂੰ ਤੁਸੀਂ ਸਰੀਰਕ ਢੰਗ ਨਾਲ ਨਹੀਂ ਪਾ ਸਕਦੇ? ਕੀ ਤੁਹਾਡੇ ਕੋਲ ਪੈਸੇ ਏਨੇ ਘੱਟ ਹਨ ਕਿ ਤੁਸੀਂ ਆਪਣਾ ਕਿਰਾਇਆ ਨਹੀਂ ਦੇ ਸਕਦੇ? ਕੀ ਤੁਹਾਡੇ ਬੱਚੇ ਨਵੇਂ ਬੂਟ ਮੰਗ ਰਹੇ ਹਨ ਅਤੇ ਤੁਹਾਡੇ ਕੋਲ ਉਹ ਖਰੀਦਣ ਦੇ ਲਈ ਪੈਸੇ ਨਹੀਂ ਹਨ? ਕੀ ਤੁਹਾਡੇ ਘਰ ਵਿੱਚ ਭਾਂਡਾ ਖਾਲੀ ਹੋ ਗਿਆ ਹੈ ਅਤੇ ਕੁੱਜੀ ਤਕਰੀਬਨ ਖਾਲੀ ਹੋ ਗਈ ਹੈ? ਤੁਸੀਂ ਆਪਣੇ ਮਾਲ ਡੰਗਰ ਦੇ ਲਈ ਚਾਰਾ ਨਹੀਂ ਖਰੀਦ ਸਕਦੇ ਹੋ? ਅਤੇ ਉਥੇ ਕੁਝ ਗਲਤ ਹੈ? ਯਾਦ ਰਹੇ, ਉਹਨੇ ਇੱਕ ਵਾਅਦਾ ਕੀਤਾ ਹੈ ।

122 ਕੀ ਤੁਸੀਂ ਬੀਮਾਰ ਹੋ ਅਤੇ ਡਾਕਟਰ ਨੇ ਕਿਹਾ ਹੈ ਕਿ ਤੁਹਾਨੂੰ ਇੱਕ ਅਪਰੇਸ਼ਨ ਦੀ ਲੋੜ੍ਹ ਹੈ? ਤੁਹਾਡੇ ਕੋਲ ਇਹ ਕਰਵਾਉਣ ਦੇ ਲਈ ਪੈਸੇ ਨਹੀਂ ਹਨ? ਤੁਹਾਨੂੰ ਲੋੜ੍ਹ ਹੈ ।

123 ਕੀ ਤੁਸੀਂ ਪਾਪੀ ਹੋ? ਕੀ ਤੁਹਾਡੇ ਲੋੜ੍ਹ ਬੜੀ ਵੱਡੀ ਹੈ, ਇਹ ਜਾਣਦੇ ਹੋਏ ਕਿ ਜੇ ਪਰਮੇਸ਼ੁਰ ਨੇ ਤੁਹਾਨੂੰ ਅੱਜ ਸੱਦ ਲਿਆ ਤਾਂ ਤੁਸੀਂ ਨਾਸ਼ ਹੋ ਜਾਓਗੇ? ਕੀ ਤੁਸੀਂ ਵਿਸ਼ਵਾਸ ਤੋਂ ਪਿਛਾਂਹ ਹੱਟ ਗਏ ਹੋ ਅਤੇ ਪਰਮੇਸ਼ੁਰ ਤੋਂ ਦੂਰ ਭੱਜ ਰਹੇ ਹੋ? ਅਤੇ ਤੁਸੀਂ ਜਾਣਦੇ ਹੋ ਕਿ ਤੁਸੀਂ ਕਿਸੇ ਕਲੀਸਿਯਾ ਦੇ ਨਾਲ ਸਬੰਧ ਰੱਖਦੇ ਹੋ ਤੇ ਤੁਸੀਂ ਜਾਣਦੇ ਹੋ ਕਿ ਤੁਸੀਂ ਠੀਕ ਨਹੀਂ ਹੋ? ਤੁਹਾਡਾ ਆਪਣਾ ਅੰਤਹਕਰਣ ਹੀ ਤੁਹਾਨੂੰ ਦੱਸਦਾ ਹੈ ਕਿ ਵਚਨ ਦੇ ਅਨੁਸਾਰ ਤੁਸੀਂ ਠੀਕ ਨਹੀਂ ਹੋ । ਅਤੇ ਤੁਹਾਡੀ ਇੱਕ ਲੋੜ੍ਹ ਹੈ । ਇਹਨਾਂ ਵਚਨਾਂ ਨੂੰ ਕੰਡਿਆਂ ਵਾਲੀ ਜਮੀਨ ਵਿੱਚ ਜਾਂ ਚਟਾਨਾਂ ਜਾਂ ਪੱਥਰ ਦਿਲਾਂ ਦੇ ਉੱਤੇ ਨਾ ਪੈਣ ਦਿਓ । ਕਾਸ਼ ਕਿ ਉਹ ਇੱਕ ਚੰਗੀ ਉਪਜਾਊ ਮਿੱਟੀ ਵਿੱਚ ਪੈਣ ।

124 ਜੇ ਤੁਸੀਂ ਬੀਮਾਰ ਹੋ ਅਤੇ ਤੁਸੀਂ…ਡਾਕਟਰ ਕਹਿੰਦਾ ਹੈ ਕਿ ਤੁਸੀਂ ਠੀਕ ਨਹੀਂ ਹੋ ਸਕਦੇ ਅਤੇ ਤੁਸੀਂ ਪਰਮੇਸ਼ੁਰ ਨਾਲ ਵਾਅਦਾ ਕਰੋ ਕਿ ਤੁਸੀਂ ਆਪਣੀ ਜਿੰਦਗੀ ਦੇ ਸਾਰੇ ਦਿਨ ਉਸਦੀ ਸੇਵਾ ਕਰੋਗਾ ਅਤੇ ਤੁਹਾਨੂੰ ਯਕੀਨ ਹੈ ਕਿ ਉਹ ਪਰਮੇਸ਼ੁਰ ਹੈ, ਆਓ ਉਹਦੀ ਮੰਗ ਨੂੰ ਪੂਰਾ ਕਰੋ । ਜੇ ਤੁਹਾਡੀ ਕੋਈ ਲੋੜ੍ਹ ਹੈ ਕਿ ਤੁਸੀਂ ਪਹਿਲਾਂ ਏਨਾਂ ਕਰੋਗੇ ਕਿ ਆਪਣੇ ਹੱਥ ਪਰਮੇਸ਼ੁਰ ਦੀ ਵਲ੍ਹ ਨੂੰ ਖੜੇ ਕਰੋ ਕਿ ਤੁਹਾਨੂੰ ਕਿਸੇ ਚੀਜ ਦੀ ਲੋੜ੍ਹ ਹੈ? ਪਰਮੇਸ਼ੁਰ ਤੁਹਾਨੂੰ ਬਰਕਤ ਦਵੇ ।

ਆਓ ਅਸੀਂ ਪ੍ਰਾਰਥਨਾ ਕਰੀਏ ।

125 ਹੇ ਪ੍ਰਭੂ, ਉੰਨੇ ਹੀ ਯਕੀਨ ਨਾਲ ਜਿੰਨਾ ਯਕੀਨੀ ਇਹ ਹੈ ਕਿ ਅੱਜ ਸਵੇਰ ਮੈਂ ਇਸ ਪਰਚਾਰ ਮੰਚ ਤੇ ਖੜਾ ਹਾਂ, ਮੈਂ ਜਾਣਦਾ ਹਾਂ ਕਿ ਇਹਨਾਂ ਹੱਥਾਂ ਵਿਚੋਂ ਜੋ ਖੜੇ ਹਨ ਉਹਨਾਂ ਵਿਚੋਂ ਇੱਕ ਵੀ ਨਹੀਂ ਜਿਹਨੂੰ ਤੂੰ ਨਹੀਂ ਜਾਣਦਾ, ਕਿਓਂਕਿ ਤੂੰ ਪਰਮੇਸ਼ੁਰ ਹੈਂ । ਤੂੰ ਆਖਿਆ ਹੈ, “ਕੀ ਦੋ ਦਮੜੀਆਂ ਦੀਆਂ ਕਈ ਚਿੜੀਆਂ ਨਹੀਂ ਮਿਲਦੀਆਂ? ਤੇ ਤੁਸੀਂ ਚਿੜੀ ਨਾਲੋਂ ਕਿੰਨੇ ਵਧੀਕ ਮੁਲਵਾਨ ਹੋ!” ਕਿੰਨਾ ਵਧੀਕ ਤੂੰ ਉਹਨਾਂ ਨਾਸ਼ਵਾਨ ਪ੍ਰਾਣੀਆਂ ਦੇ ਹੱਥਾਂ ਦੀ ਵਲ ਵੇਖਿਆ ਹੈ ਜਿਹਨਾਂ ਦੇ ਲਈ ਤੇਰਾ ਪੁੱਤ੍ਰ ਯਿਸੂ ਮਰਿਆ! ਕਿੰਨਾ ਵਧੀਕ ਤੂੰ ਉਹਨਾਂ ਦੇ ਹੱਥਾਂ ਵਲ੍ਹ ਵੇਖਿਆ ਹੈ ਬਜਾਏ ਚਿੜੀ ਦੇ ਜੇਕਰ ਉਹ ਅੱਜ ਸਵੇਰ ਡਿੱਗ ਗਈ ਹੁੰਦੀ! ਮੇਰਾ ਅੰਦਾਜਾ ਹੈ…ਕਿ ਇਸ ਸਵੇਰ ਇੱਕ ਦਰਜਨ ਚਿੜੀਆਂ ਵੀ ਇੱਕ ਦਮੜੀ ਦੇ ਲਈ ਨਹੀਂ ਵੇਚੀਆਂ ਜਾ ਸਕਦੀਆਂ ਕਿਓਂਕਿ ਉਹਨਾਂ ਨੂੰ ਕੋਈ ਨਹੀਂ ਚਾਹੁੰਦਾ । ਉਹਨਾਂ ਨੂੰ ਰਖਣਾ ਇੱਕ ਮੁਸੀਬਤ ਹੋਵੇਗੀ । ਪਰ

ਤੁਸੀਂ ਉਹਨਾਂ ਵਿਚੋਂ ਹਰੇਕ ਨੂੰ ਜਾਣਦੇ ਹੋ; ਤੁਸੀਂ ਉਹਨਾਂ ਦੇ ਸ਼ਰੀਰ ਤੇ ਹਰੇਕ ਖੰਭ ਨੂੰ ਜਾਣਦੇ ਹੋ। ਤੁਸੀਂ ਉਸ ਹਰੇਕ ਵਾਲ ਨੂੰ ਜਾਣਦੇ ਹੋ ਜਿਹੜਾ ਸਾਡੇ ਸਿਰ ਉੱਤੇ ਹੈ।

126 ਹੇ ਪ੍ਰਭੂ, ਪ੍ਰਾਰਥਨਾ ਦਾ ਜਵਾਬ ਦੇ। ਅੱਜ ਸਵੇਰ ਉਹਨਾਂ ਨੂੰ ਇਹ ਯਕੀਨ ਹੋਣ ਦੇ ਕਿ ਤੂੰ ਪਰਮੇਸ਼ੁਰ ਹੈਂ ਅਤੇ ਇਹ ਤੇਰਾ ਆਤਮਾ ਹੈ। ਕਾਸ਼ ਕਿ ਲਾਪਰਵਾਹੀ ਅਤੇ ਇਸ ਆਧੁਨਿਕ ਜਮਾਨੇ ਦੀ ਤੜਕ ਭੜਕ ਉਹਨਾਂ ਤੋਂ ਦੂਰ ਹੋ ਜਾਵੇ, ਜਿਹੜੇ ਆਖਦੇ ਹਨ, "ਔਹ, ਮੈਂ *ਇਸ* ਫਲਾਣੇ ਗਿਰਜੇ ਦੇ ਨਾਲ ਸੰਬਧ ਰਖਦਾ ਹਾਂ"। ਪਰਮੇਸ਼ੁਰ, ਕਾਸ਼ ਕਿ ਹੁਣੇ ਹੀ ਇਹ ਉਹਨਾਂ ਦੇ ਮਨਾਂ ਵਿਚੋਂ ਮਿੱਟ ਜਾਵੇ। ਇਸ ਇੱਕ ਛਣ ਵਿੱਚ, ਉਹ ਅਨੰਤ ਜੀਵਨ ਦੀ ਇੱਕ ਝਲਕ ਦੇਖ ਲੈਣ। ਅਤੇ ਤੱਦ ਉਹ ਇਸ ਨੂੰ ਭਾਲਣਗੇ ਅਤੇ ਇਸਦੇ ਲਈ ਭੂਖੇ ਹੋਣਗੇ, ਇਹ ਜਾਨਣ ਲਈ ਕਿ ਪਰਮੇਸ਼ੁਰ ਕੀ ਹੈ ਅਤੇ ਉਹਨਾਂ ਨੂੰ ਯਕੀਨ ਹੋ ਜਾਵੇ ਕਿ ਉਹ ਹੈ। ਉਹ ਆਪਣਾ ਵਚਨ ਪੂਰਾ ਕਰਦਾ ਹੈ।

127 ਪਾਪੀ ਲੋਕਾਂ ਦੇ ਲਈ ਪ੍ਰਾਰਥਨਾ ਕਰਦਾ ਹਾਂ ਕਿ ਕਾਸ਼ ਉਹ ਛੇਤੀ ਤੋਂਬਾ ਕਰ ਲੈਣ ਅਤੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣ ਦੇ ਲਈ ਤਿਆਰ ਹੋ ਜਾਣ। ਅਤੇ ਤੂੰ ਵਾਅਦਾ ਕੀਤਾ ਹੈ ਕਿ ਤੂੰ ਉਹਨਾਂ ਨੂੰ ਪਵਿੱਤਰ ਆਤਮਾ ਦੇਵੇਂਗਾ। ਪ੍ਰਭੂ, ਤੂੰ ਇਹ ਕਿਹਾ ਸੀ। ਤੂੰ ਆਪਣਾ ਵਾਅਦਾ ਪੂਰਾ ਕਰ।

128 ਇਥੇ ਪਿਛਾਂਹ ਹੱਟੇ ਹੋਏ ਲੋਕ ਹਨ ਜਿਹਨਾਂ ਨੂੰ ਇਹ ਯਕੀਨ ਹੈ ਕਿ ਤੂੰ ਪਰਮੇਸ਼ੁਰ ਹੈਂ ਅਤੇ ਉਹ ਭਟਕ ਗਏ ਸਨ। ਕਾਸ਼ ਕਿ ਉਹ ਅੱਜ ਵਾਪਸ ਆ ਜਾਣ ਕਿਉਂਕਿ ਤੂੰ ਕਿਹਾ ਸੀ, "ਭਾਵੇਂ ਤੁਹਾਡੇ ਪਾਪ ਕਿਰਮਚ ਜੇਹੇ ਹੋਣ ਉਹ ਬਰਫ਼ ਜਿਹੇ ਚਿੱਟੇ ਹੋ ਜਾਣਗੇ, ਭਾਵੇਂ ਉਹ ਮਜੀਠ ਜੇਹੇ ਹੋਣ, ਉਹ ਉਨ ਜੇਹੇ ਚਿੱਟੇ ਹੋ ਜਾਣਗੇ"।

129 ਜੇ ਇਥੇ ਉਹ ਹਨ ਜੋ ਬੀਮਾਰ ਹਨ, ਕਾਸ਼ ਕਿ ਉਹ ਮਹਿਸੂਸ ਕਰਨ ਕਿ ਤੂੰ ਪਰਮੇਸ਼ੁਰ ਹੈਂ। ਤੂੰ ਆਪਣੇ ਵਚਨ ਨੂੰ ਪੂਰਾ ਕਰਦਾ ਹੈਂ। ਤੂੰ ਜਰੂਰ ਆਪਣਾ ਵਾਅਦਾ ਪੂਰਾ ਕਰਦਾ ਹੈਂ। ਉਹ ਆਪਣੇ ਆਪ ਨੂੰ ਆਪਣੇ ਤੇਲ ਦੇ ਨਾਲ ਤੇਰੇ ਅਗੇ ਰੱਖਦੇ ਹਨ, ਇਹ ਉਹਨਾਂ ਵਿੱਚ ਆਤਮਾ ਹੈ ਜਿਹੜਾ ਇਕਰਾਰ ਕਰ ਰਿਹਾ ਹੈ ਕਿ ਉਹ ਵਿਸ਼ਵਾਸ ਕਰਦੇ ਹਨ। ਅਤੇ ਤਦ ਵਚਨ ਦੇ ਨਾਲ ਜੋ ਜਿਉਣ ਦੀ ਰੋਟੀ ਹੈ, ਮਸੀਹ, ਜਿਸ ਦਾ ਪਰਚਾਰ ਕੀਤਾ ਗਿਆ ਹੈ, ਪੁਰਾਣੇ ਅਤੇ ਨਵੇਂ ਨੇਮ ਦੇ ਅੰਦਰ ਇਹ ਵਿਖਾਉਣ ਦੇ ਲਈ ਕਿ ਉਹ ਕਲ੍ਹ, ਅੱਜ ਅਤੇ ਜੁਗੋ ਜੁੱਗ ਇੱਕੋ ਜਿਹਾ ਹੈ, ਇਹ ਗੱਲ ਉਹਨਾਂ ਦੇ ਵਿੱਚ ਜੜ੍ਹ ਫੜ੍ਹ ਲਵੇ। ਕਾਸ਼ ਕਿ ਉਹ ਵਚਨ ਨੂੰ ਤੇਲ ਦੇ ਨਾਲ ਮਿਲਾਉਣ, ਤੇਲ ਉਹ ਆਤਮਾ ਹੈ ਜੋ ਉਹਨਾਂ ਕੋਲ ਹੈ ਫੇਰ ਉਹ ਆਪਣੇ ਪੈਰਾਂ ਤੇ ਖੜੇ ਹੋ ਕੇ ਵੇਦੀ ਉੱਤੇ ਆ ਕੇ ਆਖਣ, "ਪ੍ਰਭੂ, ਇਹੀ ਸਭ ਕੁਝ ਮੇਰੇ ਕੋਲ ਹੈ। ਮੈਂ ਇਹ ਲਿਆਉਂਦਾ ਹਾਂ"।

ਔਹ, ਤੁਸੀਂ ਕਿਵੇਂ ਵਧੋਗੇ! ਕਿਵੇਂ ਇਹ ਇਤਿਹਾਸ ਦੇ ਪਰਮੇਸ਼ੁਰ ਨੂੰ ਦ੍ਰਿਸ਼ ਉੱਤੇ ਬੁਲਾਵੇਗਾ! ਕਿਵੇਂ ਇਹ ਵੇਖ ਕੇ ਯਹੋਵਾਹ ਆਪਣੇ ਫੁਲੇ ਹੋਏ ਦਿਲ ਨਾਲ ਕਹੇਗਾ, "ਮੇਰੇ ਕੋਲ ਇੱਕ ਬੱਚਾ ਹੈ ਜੋ ਮੇਰੀ ਆਗਿਆਕਾਰੀ ਕਰਦਾ ਹੈ। ਮੈਂ ਉਸ ਨੂੰ ਪਰਤਾਇਆ ਅਤੇ ਉਹਨੇ ਇਹ ਸਾਬਤ ਕਰ ਦਿੱਤਾ ਕਿ ਉਹ ਮੈਨੂੰ ਪ੍ਰੇਮ ਕਰਦਾ ਹੈ ਤੇ ਮੇਰੇ ਉੱਤੇ ਵਿਸ਼ਵਾਸ ਕਰਦਾ ਹੈ। ਉਸ ਨੂੰ ਪੱਕਾ ਯਕੀਨ ਹੈ ਕਿ ਮੈਂ ਹਾਂ"। ਕਿਉਂਕਿ ਇਹ ਕਿਹਾ ਗਿਆ ਹੈ, "ਜੋ ਪਰਮੇਸ਼ੁਰ ਦੇ ਕੋਲ ਆਉਂਦਾ ਹੈ ਉਹ ਨੂੰ ਪਰਤੀਤ ਕਰਨੀ ਚਾਹੀਦੀ ਹੈ ਕਿ ਉਹ ਹੈ, ਨਾਲੇ ਇਹ ਭਈ ਯਹੋਵਾਹ ਆਪਣੇ ਤਾਲਬਾ ਦਾ ਫਲ ਦਾਤਾ ਹੈ"। ਇਸ ਨੂੰ ਇਸੇ ਵੇਲੇ ਬਖਸ ਦੇਹ, ਜਿਵੇਂ ਕਿ ਅਸੀਂ ਇਹ ਤੈਨੂੰ ਸੌਂਪਦੇ ਹਾਂ।

130 ਹੁਣ, ਜੱਦ ਅਸੀਂ ਆਪਣੇ ਸਿਰ ਝੁਕਾਏ ਹੋਏ ਹਨ । ਉਹ ਜਿਹਨਾਂ ਨੂੰ ਕਿਸੇ ਚੀਜ ਦੀ ਲੋੜ੍ਹ ਹੈ ਕੀ ਤੁਸੀਂ ਆਪਣੇ ਪੈਰਾਂ ਤੇ ਖੜੇ ਹੋ ਜਾਉਗੇ, ਜਿਹੜੇ ਚਾਹੁੰਦੇ ਹਨ...ਹੁਣ, ਜੇਕਰ ਤੁਹਾਨੂੰ ਯਕੀਨ ਨਹੀਂ ਕਿ ਉਹ ਪਰਮੇਸ਼ੁਰ ਹੈ...ਜੇ ਤੁਹਾਨੂੰ ਯਕੀਨ ਹੈ ਕਿ ਉਹ ਪਰਮੇਸ਼ੁਰ ਹੈ ਅਤੇ ਉਹ ਆਪਣਾ ਵਾਅਦਾ ਪੂਰਾ ਕਰੇਗਾ, ਮੁਕਤੀ, ਚੰਗਾਈ ਜੋ ਕੁਝ ਵੀ ਇਹ ਹੋਵੇ, ਜੇ ਤੁਹਾਨੂੰ ਯਕੀਨ ਹੈ ਕਿ ਉਹ ਪਰਮੇਸ਼ੁਰ ਹੈ ਤਾਂ ਆਪਣੇ ਪੈਰਾਂ ਤੇ ਖੜੇ ਹੋ ਜਾਓ । ਜੇਕਰ ਤੁਸੀਂ—ਜੇਕਰ ਤੁਹਾਨੂੰ ਪੱਕਾ ਯਕੀਨ ਹੈ ਕਿ ਉਹ ਪਰਮੇਸ਼ੁਰ ਹੈ ਤਾਂ ਆਪਣੀ ਬੇਨਤੀ ਨੂੰ ਸੰਤਾਂ ਦੀ ਮੰਡਲੀ ਦੇ ਵਿੱਚ ਦੱਸੋ । ਜਿਦਾਂ ਤੁਸੀਂ ਖੜੇ ਹੋ ਤੁਸੀਂ ਇਹ ਕਰੋਗੇ...[ ਟੇਪ ਉੱਤੇ ਖਾਲੀ ਥਾਂ—ਸੰਪਾਦਕ]

"ਮੈਨੂੰ ਪੱਕਾ ਯਕੀਨ ਹੈ ਕਿ ਉਹ ਪਰਮੇਸ਼ੁਰ ਹੈ । ਮੈਂ ਵਿਸ਼ਵਾਸ ਕਰਦਾ ਹਾਂ ਕਿ ਉਹ ਆਪਣੇ ਵਚਨ ਨੂੰ ਪੂਰਾ ਕਰਦਾ ਹੈ । ਅਤੇ ਮੈਨੂੰ ਯਕੀਨ ਹੈ ਕਿ ਮੇਰੀ ਬੇਨਤੀ...ਮੈਂ ਹੁਣੇ ਹੀ ਇਹ ਨੂੰ ਲਹੂ ਦੇ ਹੇਠ ਰਖ ਦਿੰਦਾ ਹਾਂ" । ਜੇ ਤੁਸੀਂ ਇੰਝ ਕਰ ਰਹੇ ਹੋ ਤਾਂ ਹਰੇਕ ਪਾਪ ਨੂੰ ਰੱਖ ਦਿਓ । ਹਰੇਕ ਪਾਪ ਬੇਪਰਤੀਤੀ ਹੈ । ਤੁਸੀਂ ਇੱਕ ਚਰਚ ਦੇ ਮੈਂਬਰ ਹੋ ਸਕਦੇ ਹੋ ਪਰ ਮੇਰਾ ਮਤਲਬ ਪਾਪ ਤੋਂ ਹੈ, ਤੁਹਾਡੀ "ਬੇਪਰਤੀਤੀ" । ਤੁਸੀਂ ਇਹਨੂੰ ਇੱਕ ਬਲਿਦਾਨ ਦੀ ਤੌਰ ਤੇ ਛੱਡ ਦੇਵੋਗੇ । ਤੁਸੀਂ ਇਹਦਾ ਬਲੀਦਾਨ ਕਰ ਦਿਉਗੇ । ਤੁਸੀਂ ਸਲੀਬ ਦੀ ਵਲ ਆ ਰਹੇ ਹੋ । ਹੁਣ ਤੁਸੀਂ ਆਪਣੀ ਸਾਰੀ ਬੇਪਰਤੀਤੀ ਦਾ ਬਲੀਦਾਨ ਕਰ ਦਿਓਗੇ । ਆਪਣੀ ਬੇਪਰਤੀਤੀ ਨੂੰ ਉਹਨੂੰ ਦੇ ਦਿਓ ਅਤੇ ਜਾਣ ਲਓ ਕਿ ਉਹ ਹੈ ਅਤੇ ਤੁਹਾਨੂੰ ਪੱਕਾ ਯਕੀਨ ਹੈ ਕਿ ਉਹ ਜਵਾਬ ਦੇਵੇਗਾ । ਜੇ ਤੁਸੀਂ ਇਹ ਵਿਸ਼ਵਾਸ ਕਰਦੇ ਹੋ ਤਾਂ ਆਪਣੇ ਹੱਥ ਖੜੇ ਕਰੋ । ਏਦਾਂ ਹੀ ਰਹੋ ।

131 ਪ੍ਰਭੂ, ਤੂੰ ਪਰਮੇਸ਼ੁਰ ਹੈਂ । ਇਥੇ ਉਹਨਾਂ ਦਾ ਅੰਨ ਅਤੇ ਤੇਲ ਦੋਵੇਂ ਮਿਲੇ ਹੋਏ ਹਨ । ਉਹ ਇਹਨੂੰ ਸਲੀਬ ਕੋਲ ਲੈ ਕੇ ਆ ਰਹੇ ਹਨ ਜਿਥੇ ਪਰਮੇਸ਼ੁਰ ਦੀ ਅੱਗ ਉਹਨਾਂ ਦੇ ਦਿਲਾਂ ਵਿੱਚ ਉਤਰੇਗੀ(ਜੇਕਰ ਸਚਮੁਚ ਉਹ ਇਹ ਕਰਨਾ ਚਾਹੁੰਦੇ ਹਨ) ਤਾਂ ਉਹ ਉਸ ਬਲਿਦਾਨ ਨੂੰ ਭਸਮ ਕਰ ਦੇਵੇਗੀ । ਤੂੰ ਦ੍ਰਿਸ਼ ਉੱਤੇ ਆ ਜਾਵੇਂਗਾ, ਤੂੰ ਸਵਰਗ ਵਿਚੋਂ ਅਗਨੀ ਰਥ ਉੱਤੇ ਸਵਾਰ ਹੋ ਕੇ ਆਵੇਂਗਾ । ਤੂੰ ਉਹਨਾਂ ਨੂੰ ਪ੍ਰਤੀਫਲ ਦੇਣ ਦੇ ਲਈ ਸਾਰੀ ਧਰਤੀ ਅਤੇ ਆਕਾਸ਼ ਨੂੰ ਹਿਲਾ ਦੇਵੇਂਗਾ ।

132 ਜਿਵੇਂ ਉਹ ਆਪਣੇ ਹੱਥਾਂ ਨੂੰ ਹਵਾ ਵਿੱਚ ਉਤਾਂਹ ਕਰਕੇ ਖੜੇ ਹਨ, ਇਹ ਇਸ਼ਾਰਾ ਕਰਦੇ ਹੋਏ ਕਿ ਉਹ ਵਿਸ਼ਵਾਸ ਕਰਦੇ ਹਨ ਅਤੇ ਆਪਣੇ ਆਪ ਨੂੰ ਤੇ ਜੋ ਵੀ ਬੇਨਤੀ ਹੈ ਉਹਨਾਂ ਤੇਰੀ ਵੇਦੀ ਉੱਤੇ ਰਖੀ ਹੈ । ਹੇ ਧਰਤੀ ਅਤੇ ਆਕਾਸ਼ ਦੇ ਪਰਮੇਸ਼ੁਰ, ਧਰਤੀ ਅਤੇ ਆਕਾਸ਼ ਦੇ ਨਿਆਈ, ਯਕੀਨਨ ਧਰਤੀ ਤੇ ਆਕਾਸ਼ ਦੇ ਨਿਆ ਕਰਨ ਵਾਲੇ ਤੂੰ ਧਰਮ ਨਾਲ ਨਿਆ ਕਰੇਂਗਾ । ਯਕੀਨਨ ਉਹ ਆਪਣੇ ਵਚਨ ਨੂੰ ਪੂਰਾ ਕਰੇਗਾ, ਤੂੰ ਮਨੁੱਖਾਂ ਦੇ ਦਿਲਾਂ ਨੂੰ ਜਾਣਦਾ ਹੈਂ, ਔਰਤਾਂ ਦੇ ਦਿਲਾਂ ਨੂੰ ਜਾਣਦਾ ਹੈ, ਇਹਨਾਂ ਲੋਕਾਂ ਦੇ ਦਿਲਾਂ ਨੂੰ ਜਾਣਦਾ ਹੈਂ ।

133 ਪ੍ਰਭੂ ਪਰਮੇਸ਼ੁਰ, ਮੈਂ ਵੀ ਆਪਣੇ ਹੱਥ ਉਤਾਂਹ ਚੁੱਕਦਾ ਹਾਂ ਕਿਓਂਕਿ ਮੈਂ ਜਾਣਦਾ ਹਾਂ ਕਿ ਹੁਣ ਮੇਰੀ ਸੇਵਾ ਵਿੱਚ ਇੱਕ ਬਦਲਾਓ ਆਇਆ ਹੈ । ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਤੂੰ ਹੈਂ । ਮੈਂ ਤੈਨੂੰ ਅੱਗ ਦੇ ਖੰਬੇ ਵਿੱਚ ਖਲੋਤਾ ਹੋਇਆ ਵੇਖਿਆ ਹੈ ।[ਭਾਈ ਬ੍ਰਾਨਹਾਮ ਪੁਲਪਿਟ ਉੱਤੇ ਤਿੰਨ ਵਾਰ ਵਜਾਉਂਦੇ ਹਨ—ਸੰਪਾਦਕ] ਮੈਂ ਤੈਨੂੰ ਮਨੁੱਖਾਂ ਦੇ ਦਿਲਾਂ ਦੇ ਭੇਤਾਂ ਨੂੰ ਜਾਂਚਦੇ ਹੋਏ ਵੇਖਿਆ ਹੈ । ਇੱਕ ਵੀ ਵਾਰ ਤੂੰ ਅਸਫਲ ਨਹੀਂ ਹੋਇਆ । ਤੂੰ ਜੱਦ ਉਸ ਗਲੀ ਵਿੱਚ ਇਹ ਕੀਤਾ ਤੱਦ ਤੂੰ ਇਹਦਾ ਵਾਅਦਾ ਕੀਤਾ, ਜਦੋਂ ਤੂੰ ਪਹਿਲੀ ਵਾਰ ਇਹ ਕੰਮ ਕਰਨੇ ਸ਼ੁਰੂ ਕੀਤੇ । ਅਤੇ ਤੂੰ ਸਾਰੇ ਸੰਸਾਰ ਵਿੱਚ ਮੇਰੀ ਸੁਰਖਿਆ ਕੀਤੀ । ਮੈਨੂੰ ਪੱਕਾ ਯਕੀਨ ਹੈ ਕਿ ਤੂੰ ਪਰਮੇਸ਼ੁਰ ਹੈਂ । ਮੈਨੂੰ ਇਹਦਾ ਪੱਕਾ ਯਕੀਨ ਹੈ ।

134 ਮੈਂ ਆਪਣੇ ਆਪ ਨੂੰ ਵੀ ਇਹਨਾਂ ਲੋਕਾਂ ਦੇ ਨਾਲ ਭੇਂਟ ਕਰਦਾ ਹਾਂ ਅਤੇ ਸਭ ਕੁਝ ਜੋ ਮੇਰੇ ਕੋਲ ਹੈ ਉਹਦਾ ਬਲੀਦਾਨ, ਪ੍ਰਭੂ, ਮੈਂ ਤੇਰੀ ਸੇਵਾ ਲਈ ਦੇਂਦਾ ਹਾਂ । ਪ੍ਰਭੂ, ਮੈਂ ਸੰਸਾਰ ਦੇ ਦੌਰੇ ਨੂੰ ਫਿਰ ਤੋਂ ਸ਼ੁਰੂ ਕਰ ਰਿਹਾ ਹਾਂ । ਹੇ ਪਰਮੇਸ਼ੁਰ, ਮੇਰੀ ਮਦਦ ਕਰ । ਜੇ ਮੈਂ ਕਦੇ ਵੀ ਕਿਸੇ ਵੀ ਸਮੇਂ ਤੇਰੇ ਤੇ ਵਿਸ਼ਵਾਸ ਨਾ ਕੀਤਾ ਹੋਵੇ ਤਾਂ ਮੇਰੇ ਪਾਪਾਂ ਨੂੰ ਮਾਫ਼ ਕਰ । ਮੇਰੀ ਬੇਪਰਤੀਤੀ ਦੇ ਲਈ ਮੈਨੂੰ ਮਾਫ਼ ਕਰ । ਮੈਂ ਜਾਣਦਾ ਹਾਂ ਕਿ ਤੂੰ ਹੈ ਅਤੇ ਆਪਣੇ ਤਾਲਬਾਂ ਦਾ ਫਲ ਦਾਤਾ ਹੈਂ ।

135 ਏਦਾਂ ਹੀ, ਇਸ ਸਵੇਰ ਮੈਂ ਆਪਣੇ ਲੋਕਾਂ ਦੇ ਪਾਪਾਂ ਦਾ ਇਕਰਾਰ ਕਰਦਾ ਹਾਂ, ਜਦਕਿ ਉਹ ਆਪਣੇ ਹੱਥ ਹਵਾ ਵਿੱਚ ਚੁੱਕ ਕੇ ਖੜੇ ਹਨ ਮੈਂ ਉਹਨਾਂ ਦੀਆਂ ਕਮਜੋਰੀਆਂ ਅਤੇ ਸ਼ੱਕ ਦਾ ਇਕਰਾਰ ਕਰਦਾ ਹਾਂ । ਪ੍ਰਭੂ, ਮੈਂ ਉਹਨਾਂ ਦੇ ਪਾਪਾਂ ਨੂੰ ਮੰਨ ਲੈਂਦਾ ਹਾਂ ਅਤੇ ਸਾਡੀਆਂ ਸਾਰੀਆਂ ਕਮਜੋਰੀਆਂ ਨੂੰ ਮੰਨ ਲੈਂਦਾ ਹਾਂ । ਸਾਡੇ ਉੱਤੇ ਆਪਣਾ ਪਵਿੱਤਰ ਆਤਮਾ ਭੇਜ, ਆਪਣੀ ਮਨਜੂਰੀ ਦੀ ਮੋਹਰ ਦੇ ਨਾਲ ਕਿ ਤੂੰ ਪਰਮੇਸ਼ੁਰ ਹੈਂ । ਅਤੇ ਹੁਣ ਤੂੰ ਸਾਨੂੰ ਕਬੂਲ ਕਰਨ ਦੇ ਲਈ ਇਥੇ ਹੈਂ ਅਤੇ ਸਾਨੂੰ ਆਪਣੀਆਂ ਬਾਹਾਂ ਦੇ ਵਿੱਚ ਲੈਣ ਦੇ ਲਈ ਇਥੇ ਹੈਂ ਤੇ ਜੋ ਕੁਝ ਅਸੀਂ ਗੁਆ ਬੈਠੇ ਹਾਂ ਤੂੰ ਉਸ ਹਰੇਕ ਚੀਜ ਨੂੰ ਵਾਪਸ ਲੈ ਕੇ ਆਵੇਂਗਾ । ਜੇ ਇਹ ਸਾਡੀ ਸਿਹਤ ਹੈ ਤਾਂ ਕਾਸ਼ ਇਹ ਸੌ ਗੁਣਾ ਬਹਾਲ ਕੀਤੀ ਜਾਵੇ । ਜੇਕਰ ਇਹ ਸਾਡਾ ਪ੍ਰਾਣ ਹੈ ਤਾਂ ਕਾਸ਼ ਇਹ ਸਾਡੀ ਵਲ ਚਮਕਦੀ ਤੇ ਖਿੜੀ ਹੋਈ ਚੀਜ ਵਾਂਗ, ਪਵਿੱਤਰ ਆਤਮਾ ਨਾਲ ਭਰਿਆ ਹੋਇਆ ਆਵੇ ਤਾਂ ਕਿ ਪਰਮੇਸ਼ੁਰ ਦੇ ਸਨਮੁੱਖ ਪੇਸ਼ ਕੀਤਾ ਜਾਵੇ । ਜੇਕਰ ਇਹ ਬੇਪਰਤੀਤੀ ਹੈ ਤਾਂ ਪ੍ਰਭੂ ਇਹ ਸਾਡੇ ਕੋਲ ਪਹਾੜਾਂ ਨੂੰ ਹਿਲਾ ਦੇਣ ਵਾਲੇ ਵਿਸ਼ਵਾਸ ਨਾਲ ਵਾਪਸ ਆਵੇ । ਪ੍ਰਭੂ, ਇਹ ਬਖਸ ਦੇ ।

136 ਅਸੀਂ ਵਿਸ਼ਵਾਸ ਕਰਦ ਹਾਂ ਕਿ ਤੂੰ ਚਲ ਫਿਰ ਰਿਹਾ ਹੈ, ਪਵਿਤਰ ਆਤਮਾ ਇਸ ਇਮਾਰਤ ਦੇ ਵਿਚੋਂ ਇਹਨਾਂ ਲੋਕਾਂ ਉੱਤੇ ਅਤੇ ਇਹਨਾਂ ਦੇ ਦਿਲਾਂ ਵਿੱਚ ਆ ਰਿਹਾ ਹੈ ਤਾਂ ਕਿ ਉਹ ਜਿਉਂਦੇ ਪਰਮੇਸ਼ੁਰ ਨੂੰ ਸਵੀਕਾਰ ਕਰ ਸਕਣ । ਅਸੀਂ ਇਹ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ ।

ਮੇਰਾ ਵਿਸ਼ਵਾਸ ਤੇਰੀ ਵਲ੍ਹ ਵੇਖਦਾ ਹੈ,<br>
ਕਲਵਰੀ ਦੇ ਲੇਲੇ,<br>
ਰੱਬੀ ਮੁਕਤੀ ਦਾਤਾ;<br>
ਮੇਰੀ ਸੁਣ ਜਦ ਮੈਂ ਪ੍ਰਾਰਥਨਾ ਕਰਦਾ ਹਾਂ,<br>
ਮੇਰੇ ਸਭ ਪਾਪ ਦੂਰ ਕਰ,<br>
ਮੈਨੂੰ ਕਦੇ ਵੀ ਆਪਣੇ ਤੋਂ ਦੂਰ ਨਾ ਹੋਣ ਦੇ ।

137 ਕੀ ਤੁਸੀਂ ਸਚਮੁਚ ਇਹ ਆਖਦੇ ਹੋ? ਕੀ ਤੁਸੀਂ ਇਹਨੂੰ ਕਬੂਲ ਕਰਦੇ ਹੋ? ਆਪਣੇ ਹੱਥ ਉਪਰ ਚੁਕੋ ਅਤੇ ਆਖੋ, "ਹੁਣ, ਮੈਂ ਇਹਨੂੰ ਕਬੂਲ ਕਰਦਾ ਹਾਂ । ਮੈਂ ਵਿਸ਼ਵਾਸ ਕਰਦਾ ਹਾਂ" ।

ਜਦ ਜੀਵਨ ਦੀ ਕਾਲੀ ਜਵਾਰ ਮੈਂ ਕੁੱਟਦਾ ਹਾਂ,<br>
ਤੇ ਦੁੱਖ ਮੇਰੇ ਚੁਫੇਰੇ ਫੈਲਦੇ ਹਨ,<br>
ਤੂੰ ਮੇਰਾ ਮਾਰਗ ਦਰਸ਼ਕ ਹੈਂ,<br>
ਹਨੇਰੇ ਨੂੰ ਚਾਨਣ ਵਿੱਚ ਬਦਲ ਦੇ,<br>
ਦੁੱਖ ਅਤੇ ਡਰ ਦੂਰ ਕਰ ਦੇ,<br>
ਮੈਨੂੰ ਕਦੇ ਵੀ ਆਪਣੇ ਤੂੰ ਦੂਰ ਨਾ ਹੋਣ ਦੇ ।

ਆਓ ਆਪਣੇ ਸਿਰਾਂ ਨੂੰ ਝੁਕਾਇਏ ।

138 ਇਸ ਸਖਤ, ਕਰੜੇ ਤੇ ਕੱਟਣ ਵਾਲੇ ਸੰਦੇਸ਼ ਤੋਂ ਬਾਦ; ਕਠੋਰ ਅਤੇ ਬੜੇ ਹੀ ਸਖਤ ਤਰੀਕੇ ਨਾਲ ਇਸਦਾ ਪਰਚਾਰ ਕੀਤਾ ਗਿਆ । ਅਤੇ ਜੇ ਤੁਸੀਂ ਹਲੀਮੀ ਦੇ ਨਾਲ ਉਹਦਾ ਵਿਸ਼ਵਾਸ ਕਰਦੇ ਹੋ ਜੋ ਤੁਸੀਂ ਮੰਗਿਆ ਹੈ ਤਾਂ ਉਹ ਪਾਓਗੇ ਤਦ ਤੁਹਾਨੂੰ ਕੋਈ ਵੀ ਚੀਜ ਸਿਧੇ ਮਾਰਗ ਤੋਂ ਪਰੇ ਨਹੀਂ ਕਰ ਸਕਦੀ । ਉਥੇ ਹੀ ਖੜੇ ਰਹੋ । ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਮੈਂ ਕਿੰਨਾ ਪਰਚਾਰ ਕਰਦਾ ਹਾਂ, ਮੈਂ ਜੋ ਵੀ ਕਰਦਾ ਹਾਂ ਜਾਂ ਹੋਰ ਕੋਈ ਵੀ ਮਨੁੱਖ ਜੋ ਕਰੇਗਾ, ਉਸਦਾ ਕਦੇ ਵੀ ਕੋਈ ਅਸਰ ਨਹੀਂ ਪਵੇਗਾ ਜਿਨਾਂ ਚਿਰ ਤੁਸੀਂ ਇਸ ਨੂੰ ਆਪਣੀ ਵਿਅਕਤੀਗਤ ਜਾਇਦਾਦ ਦੇ ਵਾਂਗ ਕਬੂਲ ਨਹੀਂ ਕਰਦੇ ।

139 ਜੇਕਰ ਤੁਸੀਂ ਆਪਣੇ ਪੂਰੇ ਦਿਲ ਨਾਲ ਵਿਸ਼ਵਾਸ ਕਰੋ, ਉਹ ਸਭ ਕੁਝ ਜੋ ਤੁਸੀਂ ਚਾਹੁੰਦੇ ਹੋ, ਜੇਕਰ ਤੁਸੀਂ ਆਪਣੇ ਪਾਪਾਂ ਨੂੰ ਮੰਨ ਲੈਂਦੇ ਹੋ ਤਾਂ ਪਰਮੇਸ਼ੁਰ ਨੇ ਤੁਹਾਨੂੰ ਮਾਫ਼ ਕਰ ਦਿੱਤਾ ਹੈ । ਹੁਣ ਤੁਸੀਂ ਇਹਦੇ ਤੇ ਕਦੇ ਵੀ ਸ਼ੱਕ ਨਾ ਕਰੋ । ਜੇ ਤੁਸੀਂ ਪਿਛਾਂਹ ਹੱਟ ਚੁਕੇ ਹੋ ਤਾਂ ਅੱਜ ਸਵੇਰ ਤੁਹਾਨੂੰ ਵਾਪਸ ਲੈ ਲਿਆ ਗਿਆ ਹੈ । ਜੇ ਤੁਹਾਨੂੰ ਪਵਿੱਤਰ ਆਤਮਾ ਦੀ ਲੋੜ੍ਹ ਹੈਂ ਤਾਂ ਆਪਣੇ ਪਾਪਾਂ ਦੇ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੋ । ਇਹ ਪਰਮੇਸ਼ੁਰ ਦਾ ਵਚਨ । ਉਹ ਆਪਣੇ ਵਚਨ ਨੂੰ ਕਿਸੇ ਕਲੀਸਿਯਾ, ਸੰਸਥਾ ਜਾਂ ਕਿਸੇ ਦੇ ਲਈ ਨਹੀਂ ਬਦਲੇਗਾ । ਇਹ ਤਾਂ ਉਸੇ ਤਰ੍ਹਾਂ ਰਹਿਣਾ ਚਾਹੀਦਾ ਹੈ । ਅਸੀਂ ਗਿਰਜੇ ਦੀਆਂ ਮੰਗਾ ਨਹੀਂ ਪਰ ਉਸ ਦੀਆਂ ਮੰਗਾ ਪੂਰੀਆਂ ਕਰਨੀਆਂ ਹਨ । ਏਹੋ ਸਾਨੂੰ ਕਰਨਾ ਚਾਹੀਦਾ ਹੈ ।

140 ਉਹਨੇ ਕਿਹਾ, “ਵਿਸ਼ਵਾਸ ਦੀ ਪ੍ਰਾਰਥਨਾ ਰੋਗੀ ਨੂੰ ਬਚਾਵੇਗੀ” । ਜੇ ਤੁਸੀਂ ਬੀਮਾਰ ਹੋ ਤਾਂ ਮੈਂ ਤੁਹਾਡੇ ਉੱਤੇ ਵਿਸ਼ਵਾਸ ਦੀ ਪ੍ਰਾਰਥਨਾ ਕੀਤੀ ਹੈ । ਤੁਸੀਂ ਆਪਣੇ ਦਿਲ ਵਿੱਚ ਇਹਦੇ ਲਈ ਪ੍ਰਾਰਥਨਾ ਕੀਤੀ ਹੈ । ਤਾਂ ਇਹਦੇ ਤੇ ਵਿਸ਼ਵਾਸ ਕਰੋ, ਇਹਨੂੰ ਸਵੀਕਾਰ ਕਰੋ ਅਤੇ ਇਹਦੇ ਉੱਤੇ ਤਕੜਾਈ ਨਾਲ ਖੜੇ ਰਹੋ । ਇਸ ਨੂੰ ਇਸੇ ਤਰ੍ਹਾਂ ਹੀ ਹੋਣਾ ਹੈ । ਕੋਈ ਚੀਜ ਇਹ ਦੀ ਜਗਾ ਨਹੀਂ ਲੈ ਸਕਦੀ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਇਹ ਕਿੰਨਾ ਨਿਰਾਸ਼ਾਜਨਕ ਦਿੱਸਦਾ ਹੈ ।

141 ਤੁਸੀਂ ਕਹਿੰਦੇ ਹੋ, “ਖੈਰ, ਇੰਝ ਲਗਦਾ ਹੈ ਕਿ ਮੈਂ ਅਜੇ ਵੀ ਬੀਮਾਰ ਹਾਂ” । ਇਸ ਨਾਲ… ਇਹ ਤਾਂ ਸਿਰਫ ਫਰਿਸ਼ਤਿਆਂ ਦੇ ਪਰ ਹਨ ਜੋ ਇੱਕਠੇ ਜੁੜੇ ਹੋਏ ਹਨ । ਇਹੀ ਸਭ ਹੈ । ਇਹ ਤਾਂ ਬਰਕਤ ਦੇ ਰੂਪ ਵਿੱਚ ਪਰਮੇਸ਼ੁਰ ਹੈ । ਇਹ ਤੁਹਾਨੂੰ ਨਿਰਾਸ਼ਾਜਨਕ ਲਗਦਾ ਹੈ । ਇਸ ਦੇ ਥੋੜਾ ਜਿਹਾ ਨੇੜੇ ਆਓ ਅਤੇ ਦੁਬਾਰਾ ਇਸ ਵਲ ਵੇਖੋ ਕਿ ਇਹ ਪਰਮੇਸ਼ੁਰ ਨਹੀਂ ਹੈ ਜੋ ਉਥੇ ਖੜਾ ਹੈ ਅਤੇ ਆਪਣੇ ਵਚਨ ਨੂੰ ਪੂਰਾ ਕਰ ਰਿਹਾ ਹੈ ।

142 ਹੁਣ ਜਿਵੇਂ ਅਸੀਂ ਆਪਣੇ ਸਿਰ ਝੁਕਾਏ ਹੋਏ ਹਨ, ਮੈਂ ਸਭਾ ਨੂੰ ਸਾਡੇ ਪਾਸਟਰ ਭਾਈ ਨੇਵਿਲ ਨੂੰ ਸੌਂਪਦਾ ਹਾਂ ।

**ਪਰਮੇਸ਼ੁਰ ਨੂੰ ਪੱਕੀ ਤਰਾਂ ਜਾਣ ਲਓ** PUN59-0125

(Be Certain Of God)

ਇਹ ਸੰਦੇਸ਼ ਭਾਈ ਵਿਲੀਅਮ ਮੇਰੀਅਨ ਬ੍ਰਾਨਹਾਮ ਦੁਆਰਾ ਅੰਗਰੇਜੀ ਭਾਸ਼ਾ ਵਿੱਚ ਐਤਵਾਰ ਸਵੇਰ, 25 ਜਨਵਰੀ, 1959 ਨੂੰ ਬ੍ਰਾਨਹਾਮ ਟੇਬਰਨੇਕਲ, ਜੈਫਰਸਨਵਿਲ, ਇੰਡਿਆਨਾ, ਸੰਯੁਕਤ ਰਾਜ ਅਮਰੀਕਾ ਵਿੱਚ ਪ੍ਰਚਾਰ ਕੀਤਾ ਗਿਆ ਅਤੇ ਇਹ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿੱਚ ਬਿਨਾਂ ਕੁਝ ਘਟਾਏ ਵਧਾਏ ਛਾਪਿਆ ਗਿਆ ਹੈ । ਇਹ ਪੰਜਾਬੀ ਅਨੁਵਾਦ ਵਾਇਸ ਆਫ ਗੋਡ ਰਿਕਾਰਡਿੰਗਸ ਵਲੋਂ ਛਾਪਿਆ ਅਤੇ ਵੰਡਿਆ ਗਿਆ ਹੈ ।

PUNJABI

©2017 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:



Voice Of God Recordings

P.O. Box 950, Jeffersonville, Indiana 47131 U.S.A.

www.branham.org